


ਕੂਕਾ ਤਹਿਰੀਕ ਦਾ ਪਹਿਲਾ ਉੱਤਰਾਧਿਕਾਰੀ

# ਸੂਬਾ
# ਸਾਹਿਬ ਸਿੰਘ

ਲੇਖਕ

ਪ੍ਰੀਤਮ ਸਿੰਘ ਕਵੀ

Sri Satguru Jagjit Singh Ji eLibrary NamdhariElibrary@gmail.com

੧ ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਕੂਕਾ ਤਹਿਰੀਕ ਦਾ ਪਹਿਲਾ ਉੱਤਰਾਧਿਕਾਰੀ

# ਸੂਬਾ
# ਸਾਹਿਬ ਸਿੰਘ

ਪ੍ਰੀਤਮ ਸਿੰਘ ਕਵੀ

ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਹਥਲੀ ਪੁਸਤਕ ਸੂਬਾ ਸਾਹਿਬ ਸਿੰਘ ਸ਼ਹੀਦੀ-ਸ਼ਤਾਬਦੀ ਨੂੰ ਸਮਰਪਿਤ ਹੈ । ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗੁਰ-ਗੱਦੀ ਦੀਆਂ ਜ਼ਿਮੇਵਾਰੀਆਂ ਨੂੰ ਸੰਭਾਲਦਿਆਂ ਹੀ ਆਪਣੇ ਸਨਮਾਨ ਯੋਗ ਬਜ਼ੁਰਗਾਂ ਦੇ ਦਿਹਾੜੇ ਮਨਾਣ ਵਲ ਉਚੇਚਾ ਧਿਆਨ ਦਿਤਾ । ਆਪ ਦੇ ਆਦੇਸ਼ ਅਨੁਸਾਰ ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ ਸਾਰੇ ਦੇਸ਼ ਦੇ ਨਾਮਧਾਰੀਆਂ ਅਤੇ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਧੂਮ ਧਾਮ ਨਾਲ ਮਨਾਈ । ਇਸ ਮੌਕੇ ਨਾਲ ਢੁਕਵੇਂ ਲੇਖ, ਪੁਸਤਕਾਂ, ਰਸਾਲੇ ਪਰਕਾਸ਼ਤ ਹੋਏ ਅਤੇ ਜਗਹ-ਬ-ਜਗਹ ਵਾਕਿਆਤ ਨਾਲ ਸੰਬੰਧਤ ਦੀਵਾਨ ਆਦਿ ਕੀਤੇ ਗਏ । ਮੁਖ ਆਯੋਜਨ ਇੰਗਲੈਂਡ ਦੀ ਰਾਜਧਾਨੀ ਲੰਡਨ ਵਿਚ ਸੀ ।

ਨਾਮਧਾਰੀ ਦਰਬਾਰ ਨੇ ਇਸ ਸਾਲ ਨੂੰ ਸੂਬਾ ਸਾਹਿਬ ਸਿੰਘ ਸ਼ਹੀਦੀ ਸ਼ਤਾਬਦੀ ਦੇ ਤੌਰ ਤੇ ਮਨਾਣ ਦਾ ਗੁਰੂ ਆਗਿਆ ਅਨੁਸਾਰ ਫ਼ੈਸਲਾ ਲਿਆ । ਸੂਬਾ ਸਾਹਿਬ ਸਿੰਘ ਦੇ ਨਗਰ ਬਰਮਾਲੀ ਪੁਰ ਵਿਚ ਇਕ ਵਿਸ਼ੇਸ਼ ਇਕੱਠ ਤੋਂ ਲੈ ਕੇ ਸ਼ਤਾਬਦੀ ਦਾ ਸਮਾਪਤੀ ਸਮਾਗਮ ੧੦ ਜੂਨ ੧੯੭੯ ਨੂੰ ਹਜ਼ਾਰੀਬਾਗ਼ ਕਰਨ ਦਾ ਮਨਸੂਬਾ ਸੀ । ਇਸ ਦਿਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹਜ਼ਾਰੀ ਬਾਗ਼ ਵਿਚ ਕੁਝ ਦੀਵਾਨ ਕੀਤੇ ਜਾਣੇ ਹਨ ।

ਨਾਮਧਾਰੀ ਵਿੱਦਿਅਕ ਜਥਿਆਂ ਨੇ ਵੀ ਆਪਣੀ ਸਾਲਾਨਾ ਇਕੱਤ੍ਰਤਾ, ਸੂਬਾ ਜੀ ਨੂੰ ਸ਼ਰਧਾਂਜਲੀ ਦੇਣ ਲਈ ਰੱਖੀ ਹੈ । ਨਾਮਧਾਰੀ ਦਰਬਾਰ ਦਾ ਵਿਚਾਰ ਸੀ ਕਿ ਇਸ ਦਿਨ ਉਤੇ, ਸਾਹਿਬ ਸਿੰਘ ਜੀ ਬਾਰੇ ਵਾਕਫ਼ੀ ਦਿੰਦੀ ਇਕ ਪੁਸਤਿਕਾ ਲਿਖੀ ਜਾਵੇ । ਅਤੇ ਦਰਬਾਰ ਵਲੋਂ ਇਸ ਦਾ ਲਿਖਣਾ ਮੇਰੇ ਜ਼ਿਮੇ ਲਾਇਆ ਗਿਆ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਅਤੇ ਸਰਬ ਹਿੰਦ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸ੍ਰ. ਹਰਵਿੰਦਰ ਸਿੰਘ ਦੇ ਸਹਿਯੋਗ ਨਾਲ, ਇਹ ਪੁਸਤਕ ਸੁਚਾਰੂ ਰੂਪ ਵਿਚ ਪਾਠਕਾਂ ਦੇ ਸਾਹਵੇਂ ਹੈ ।

ਇਸ ਅਵਸਰ ਤੇ ਸ. ਕੇਹਰ ਸਿੰਘ ਹਮਰਾਹੀ ਆਪਣੇ ਜੁਆਤਰੇ ਅਤੇ ਪੁਤਰੀ ਬੀਬੀ ਕੁਲਵੰਤ ਕੌਰ ਦਾ ਵੀ ਕ੍ਰਿਤੱਗਯ ਹਾਂ ਜਿਨ੍ਹਾਂ ਦੀ ਭੁੰਤਰ (ਕੁਲੂ) ਰਿਹਾਇਸ਼ ਹੋਣ ਕਾਰਨ, ਮੈਂ ਸੁਖਾਵੇਂ ਵਾਤਾਵਰਣ ਅਤੇ ਉਨ੍ਹਾਂ ਵਲੋਂ ਕੀਤੀ ਗਈ ਹਾਰਦਿਕ ਸੇਵਾ ਨਾਲ ਆਪਣੇ ਜ਼ਿਮੇ ਲਗੇ ਲਿਖਣ ਕੰਮ ਨੂੰ ਪਰਵਾਨ ਚਾੜ੍ਹ ਸਕਿਆ ।

ਜੇ ਇਹ ਪੁਸਤਿਕਾ ਸੂਬਾ ਸਾਹਿਬ ਸਿੰਘ ਜੀ ਬਾਰੇ ਸਹੀ ਤਸਵੀਰ ਪਾਠਕਾਂ ਦੇ ਮਨ ਵਿਚ ਬਿਠਾ ਸਕੀ ਤਾਂ ਮੇਰੀ ਘਾਲ ਥਾਇਂ ਪਈ ਸਮਝੀ ਜਾ ਸਕੇਗੀ ।

ਜੇ-੩/੧੯੯ ਰਾਜੌਰੀ ਗਾਰਡਨ
ਨਵੀਂ ਦਿੱਲੀ-੨੭

ਪ੍ਰੀਤਮ ਸਿਘ ਕਵੀ
੨੪-੫-੧੯੭੯

Sri Satguru Jagjit Singh Ji eLibrary NamdhariElibrary@gmail.com

# ਸੂਬਾ ਸਾਹਿਬ ਸਿੰਘ

## ਆਦਿਕਾ

ਭਾਰਤ ਮਾਂ ਦੇ ਸੱਚੇ ਸਪੂਤ, ਗੁਰੂ ਰਾਮ ਸਿੰਘ ਜੀ ਦੇ ਵਿਸ਼ਵਾਸ ਪਾਤ੍ਰ ਸੂਬੇ ਅਤੇ ਪੰਜਾਬ ਦੇ ਇਕ ਬੁੱਧੀਮਾਨ ਦੇਸ਼ ਭਗਤ ਸਾਹਿਬ ਸਿੰਘ ਦਾ ਦੇਹਾਂਤ ਹੋਇਆਂ ਪੂਰੇ ਸੌ ਸਾਲ ਹੋ ਗਏ ਹਨ। ਉਨ੍ਹਾਂ ਦਾ ਦਿਹਾਂਤ ਹਜ਼ਾਰੀਬਾਗ਼ ਦੀ ਯੂਰਪੀਨ ਪੈੱਨਟੈਨਸ਼ਰੀ (ਜੇਲ) ਵਿਚ ੧੦ ਜੂਨ ੧੮੭੯ ਨੂੰ ਹੋਇਆ।

੨੦ ਅਗਸਤ ੧੮੭੯ ਨੂੰ ਜੇਲਾਂ ਦੇ ਇਨਸਪੈਕਟਰ ਨੇ ਅਲੀਪੁਰ (ਬੰਗਾਲ) ਤੋਂ ਇਕ ਡਿਸਪੈਚ ਵਿਚ ਰੈਡੀ ਰੈਫਰੈਂਸ ਵਾਸਤੇ ਬੰਗਾਲ ਸਰਕਾਰ ਨੂੰ ਇਕ ਕਾਪੀ, ਮ੍ਰਿਤੂ ਦੀ ਖ਼ਬਰ ਇਸ ਤਰ੍ਹਾਂ ਦਿੰਦਿਆਂ, ਭੇਜੀ : "ਛੋਟੇ ਕੈਦੀ ਸਾਹਿਬ ਸਿੰਘ ਦੀ ਯੂਰਪੀਨ ਜੇਲ ਵਿਚ ੧੦ ਜੂਨ ੧੮੭੯ ਨੂੰ ਮ੍ਰਿਤੂ ਹੋ ਗਈ ਹੈ। ਬਾਕੀ ਜਿਉਂਦਾ, ਇਕ ਕਮਜ਼ੋਰ ਅਤੇ ਜਰਜਰਾ ਬੁੱਢਾ, ਕਾਨ੍ਹ ਸਿੰਘ ਜੋ ੭੦ ਸਾਲਾਂ ਤੋਂ ਵੱਧ ਦਾ ਹੈ, ੧੬ ਕਮਰਿਆਂ ਦੇ ਸਾਰੇ ਭਾਗ ਤੇ ਕਾਬਜ਼ ਯੂਰਪੀਨ ਜੇਲ ਵਿਚ ਅਜੇ ਵੀ ਮੌਜੂਦ ਹੈ।"

ਅਸਲ ਵਿਚ ਜੇਲਾਂ ਦਾ ਇਨਸਪੈਕਟਰ ਜੈਨਰਲ ਇਸ ਜਗ੍ਹਾ ਨੂੰ ਖ਼ਾਲੀ ਕਰਵਾਣਾ ਤੇ ਸੂਬਾ ਕਾਨ੍ਹ ਸਿੰਘ ਨੂੰ ਕਿਸੇ ਦੂਸਰੀ ਜੇਲ ਵਿਚ ਭੇਜਣਾ ਚਾਹੁੰਦਾ ਸੀ, ਲੰਬੀ ਚਿੱਠੀ ਵਿਚ ਇਹ ਦੱਸ ਕੇ ਕਿ ਉਸ ਕੱਲੇ ਦਾ ਹੁਣ ਏਥੇ ਜੀ ਨਹੀਂ ਲਗਦਾ। ਜਿਵੇਂ ਬਰਤਾਨਵੀ ਸਰਕਾਰ ਬੜੀ ਦਦਿਆਵਾਨ ਹੋਵੇ ਅਤੇ ਉਹ ਮਨੁੱਖੀ ਜਜ਼ਬਿਆਂ ਪ੍ਰਤੀ ਏਨੀ ਹਿਤੂ ਹੋਵੇ ਕਿ ਕਿਸੇ ਕੈਦੀ ਦੇ ਜੀ ਲਗਣ ਤਕ ਦਾ ਵੀ ਖ਼ਿਆਲ ਰਖਦੀ ਹੈ!

ਉਸ ਬਹਾਦਰ ਦੇਸ਼ ਪ੍ਰੇਮੀ ਨੂੰ ਭਾਰਤ ਦੀ ਧਰਤੀ ਉਤੇ ਕੇਵਲ ਪੰਤਾਲੀ ਸਾਲ ਜਿਊਣ ਦਾ ਅਵਸਰ ਮਿਲਿਆ। ਇਸ ਵਿਚੋਂ ਉਸ ਨੇ ਪੰਦਰਾਂ ਸਾਲ ਪੰਜਾਬ ਵਿਚ ਮੁੜ ਖ਼ਾਲਸਾ ਰਾਜ ਸਥਾਪਤ ਕਰਨ ਦੀ ਲੜਾਈ ਉਤੇ ਲਾਏ ਅਤੇ ਅੱਠ ਸਾਲ ਇਸ ਸੰਗਰਾਮ ਦੀ ਸਜ਼ਾ ਵਜੋਂ ਜੇਲ ਵਿਚ ਕੱਟੇ।

ਜਿਸ ਸੁਤੰਤਰਤਾ ਦਾ ਅਸੀਂ ਅਜ ਉਪਭੋਗ ਕਰ ਰਹੇ ਹਾਂ ਇਸ ਦੀ ਉਸਾਰੀ ਲਈ ਰੱਖੀਆਂ ਡੂੰਘੀਆਂ ਨੀਹਾਂ ਵਿਚ ਕਿੰਨੇ ਲੋਕਾਂ ਨੇ ਆਪਣੇ ਪ੍ਰਾਣ ਪਾਏ, ਲਹੂ ਡੋਲ੍ਹਿਆ ਅਤੇ ਹੱਡੀਆਂ ਚਿਣੀਆਂ, ਕੌਣ ਜਾਣਦਾ ਹੈ! ਇਤਿਹਾਸ ਵੀ ਉਹਨਾਂ ਲੋਕਾਂ ਦਾ ਹੀ ਜ਼ਿਕਰ ਕਰਦਾ ਹੈ ਜੋ ਕਿਸੇ ਉਦਾਰ ਲੇਖਕ ਦੇ ਧਿਆਨ ਵਿਚ ਆ ਗਏ...ਨਹੀਂ ਤਾਂ ਕੌਣ ਪਰਵਾਹ ਕਰਦਾ ਹੈ ਉਨ੍ਹਾਂ ਪਰਵਾਨਿਆਂ ਦੀ ਜਿਨ੍ਹਾਂ ਸੱਚੀ ਲਗਨ ਨਾਲ ਦੇਸ਼ ਦੇ ਲੇਖੇ ਆਪਾ ਸਮਰਪਣ ਕਰ ਦਿਤਾ!

ਉਂਜ ਤਾਂ ਸਮੁੱਚੀ ਨਾਮਧਾਰੀ ਤਹਿਰੀਕ ਹੀ ਇਤਿਹਾਸਕਾਰਾਂ ਵਲੋਂ ਤੰਗ ਨਜ਼ਰੀ ਦੀ ਸ਼ਿਕਾਰ ਰਹੀ ਹੈ, ਪਰ ਗੁਰੂ ਰਾਮ ਸਿੰਘ ਜੀ ਦੇ ਜਾਂ-ਨਿਸਾਰ ਅਨੁਆਈਆਂ ਦਾ ਜ਼ਿਕਰ



Sri Satguru Jagjit Singh Ji eLibrary NamdhariElibrary@gmail.com

ਤਾਂ ਕਦੇ ਕੋਈ ਵਿਰਲਾ ਹੀ ਕਰਦਾ ਹੈ। ਸੂਬਾ ਸਾਹਿਬ ਸਿੰਘ ਵੀ ਉਨ੍ਹਾਂ ਪੱਕੇ ਇਰਾਦੇ ਵਾਲੇ, ਕਰਮਯੋਗੀ, ਬਲੀਦਾਨੀਆਂ ਵਿਚ ਆਉਂਦਾ ਹੈ ਜਿਨ੍ਹਾਂ ਨੇ ਬਰਤਾਨਵੀ ਸ਼ਾਸਨ ਦੇ ਖ਼ਿਲਾਫ਼ ਸਾਰੀ ਉਮਰ ਦ੍ਰਿੜ੍ਹ ਸੰਗਰਾਮ ਕੀਤਾ। ਆਪਣੀ ਧੁਨ ਤੇ ਸਿਆਣਪ ਨਾਲ ਆਜ਼ਾਦੀ ਦੀ ਸ਼ਮ੍ਹਾ ਜਲਾਈ ਰਖੀ — ਪਰ ਉਸ ਦਾ ਚਰਚਾ ਬਹੁਤ ਘੱਟ ਹੈ।

ਸੂਬਾ ਸਾਹਿਬ ਸਿੰਘ ਦੇ ਜੀਵਨ ਬਾਰੇ ਜੋ ਪ੍ਰਾਪਤ ਸਮੱਗਰੀ ਹੈ ਉਸ ਨੂੰ ਤਰਤੀਬ ਦੇਣ ਤੋਂ ਪਹਿਲਾਂ ਬਰਤਾਨਵੀ ਸਰਕਾਰ ਵਲੋਂ ਉਸ ਦਾ ਕੀਤਾ ਗਿਆ ਮੁੱਲੰਕਣ ਏਥੇ ਦੇ ਦੇਈਏ ਤਾਕਿ ਪ੍ਰਤਿਭਾਵਾਨ ਸਾਹਿਬ ਸਿੰਘ ਦੀ ਉਸਾਰੀ ਦਾ ਅਸੀਂ ਸਹੀ ਜਾਇਜ਼ਾ ਲੈ ਸਕੀਏ।

ਪੰਜਾਬ ਦਾ ਸੈਸ਼ਨ ਜੱਜ ਮਿ: ਮੈਕਨਾਬ, ਜਿਸ ਨੂੰ ਪਿਛਲੇ ਕੁਝ ਸਮੇਂ ਤੋਂ ਕੂਕਿਆਂ ਨਾਲ ਸੰਬੰਧਤ ਕੇਸਾਂ ਵਿਚ ਗਵਾਹੀਆਂ ਲੈਣੀਆਂ ਪਈਆਂ, ਅਤੇ, ਜਿਸ ਦੇ ਫ਼ੈਸਲਿਆਂ ਦਾ ਅਸਰ ਨਾਮਧਾਰੀ ਸਮਾਜ ਉਤੇ ਡੂੰਘਾ ਪਿਆ ਉਸ ਨੇ ਸੂਬਾ ਸਾਹਿਬ ਸਿੰਘ ਬਾਰੇ ਇਕ ਨੋਟ ਵਿਚ ਲਿਖਿਆ : (ਸਾਹਿਬ ਸਿੰਘ) ਬੁੱਧੀਮਾਨ, ਚਤੁਰ, ਦ੍ਰਿੜ੍ਹ ਇਰਾਦੇ ਵਾਲਾ ਅਤੇ ਸੂਬਿਆਂ ਵਿਚੋਂ ਬਹੁਤਾ ਯੋਗ ਆਦਮੀ ਹੈ।*

ਮਿ: ਮੈਕਨਾਬ ਦੀ ਰਿਪੋਰਟ ਤੇ ਪੰਜਾਬ ਸਰਕਾਰ ਨੇ ਗਵਰਨਰ ਜਨਰਲ ਨੂੰ ਲਿਖਿਆ :

... "ਇਹ ਐਨ ਸੰਭਵ ਹੈ ਕਿ ਇਕ ਆਦਮੀ ਕੇਵਲ ਆਪਣੀ ਪਦਵੀ ਤੋਂ ਹੀ ਖ਼ਤਰਨਾਕ ਹੋ ਸਕੇ। ਆਪਣੇ ਪ੍ਰਭਾਵ ਅਤੇ ਪਦਵੀ ਦਾ ਜ਼ਿਕਰ ਨਾ ਕਰਕੇ ਜਿਵੇਂ ਸਾਹਿਬ ਸਿੰਘ (ਗੁਰੂ) ਰਾਮ ਸਿੰਘ ਦਾ ਸੰਭਵ ਉਤ੍ਰਾਧਿਕਾਰੀ ਹੈ।

"...ਸ਼ੁਰੂ ਕਰਨ ਵਾਸਤੇ, ਭਾਵੇਂ ਪਹਿਲਾ ਆਦਮੀ ਸਾਹਿਬ ਸਿੰਘ ਹੈ। ਸਾਹਿਬ ਸਿੰਘ (ਗੁਰੂ) ਰਾਮ ਸਿੰਘ ਦਾ, ਪਿਛਲੇ, ਨੈਪਾਲ ਨੂੰ ਜਾਣ ਵਾਲੇ ਮਿਸ਼ਨ ਵਿਚ ਰਾਜਦੂਤ ਸੀ। ਉਹ ਸਾਰੇ ਹੀ ਪੁਲਿਸ ਅਫ਼ਸਰਾਂ ਦੀਆਂ ਕਿਤਾਬਾਂ ਵਿਚ ਦਰਜ ਹੈ, ਜਿਵੇਂ "(ਗੁਰੂ) ਰਾਮ ਸਿੰਘ ਦਾ ਉਮੀਦ ਕੀਤਾ ਜਾਂਦਾ ਜਾ-ਨਸ਼ੀਨ", ਉਸ ਦਾ "ਖ਼ੁਫ਼ੀਆ ਸੂਬਾ", "(ਗੁਰੂ) ਰਾਮ ਸਿੰਘ ਦਾ ਲੈਫ਼ਟੀਨੈਂਟ", "ਸਦਾ (ਗੁਰੂ) ਰਾਮ ਸਿੰਘ ਦੇ ਸੰਗ", "ਸਾਰਿਆਂ ਵਿਚੋਂ ਬਹੁਤਾ ਜਾਣਿਆਂ ਜਾਣ ਵਾਲਾ ਸੂਬਾ।"...

"ਮਿ: ਮੈਕਨਾਬ ਉਸ ਨੂੰ "ਪੜ੍ਹਿਆ-ਲਿਖਿਆ, ਮਹੱਤਵਾਕਾਂਖੀ, ਚਾਲਬਾਜ਼, ਅਤੇ (ਗੁਰੂ) ਰਾਮ ਸਿੰਘ ਨੂੰ ਸਦਾ ਤਾਜ਼ਾ ਚਾਲਾਂ ਵਾਸਤੇ ਤਿੱਖਿਆਂ ਕਰਨ ਵਾਲਾ" ਬਿਆਨਦਾ ਹੈ।"

ਪੰਜਾਬ ਸਰਕਾਰ ਨੋਟ ਕਰਦੀ ਹੈ, "ਮਿ: ਮੈਕਨਾਬ ਸੋਚਦਾ ਹੈ ਕਿ ਜੇ ਸਿਰਫ਼ ਉਸ ਕੱਲੇ ਨੂੰ ਪੰਜਾਬ ਵਿਚ ਘੱਲ ਦਿਤਾ ਜਾਵੇ ਤਾਂ "ਕੂਕਾਇਜ਼ਮ" ਇਕਦਮ ਸੁਰਜੀਤ ਹੋ ਉਠੇਗਾ ਅਤੇ (ਸਾਡੇ ਲਈ) ਦੁਖਦਾਈ ਬਣ ਜਾਵੇਗਾ।"**

* * *

* ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਸ, ਕੰਪਾਈਲਰ —ਨਾਹਰ ਸਿੰਘ ਪੰਨਾ ੯੧।

** ਗੁਰੂ ਰਾਮ ਸਿੰਘ ਐਂਡ ਦੀ ਕੂਕਾ ਸਿੱਖਸ, ਪੰਨੇ ੧੦੧ ਤੇ ੧੦੨।



Sri Satguru Jagjit Singh Ji eLibrary NamdhariElibrary@gmail.com

## ਪਿਛੋਕੜ

ਸਾਹਿਬ ਸਿੰਘ ਓਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਸੰਪਰਕ ਵਿਚ ਆਏ ਜਦੋਂ ਉਹ (ਗੁਰੂ ਰਾਮ ਸਿੰਘ) ਵਿਸ਼ਾਲ ਪੰਜਾਬ ਦੇ ਖ਼ਾਲਸੇ ਹੱਥੋਂ ਗੁਆਚੇ ਅਤੇ ਅੰਗਰੇਜ਼ ਦੇ ਹਥਿਆਏ ਜਾ ਚੁਕੇ ਖ਼ਾਲਸਾ ਰਾਜ ਦੀ ਮੁੜ ਸਥਾਪਨਾ ਦੇ ਸੁਪਨੇ ਨੂੰ ਰੂਪਮਾਨ ਕਰਨ ਲਈ, ਅਜੇ ਵੀ ਸੁਲਗਦੀਆਂ ਸ਼ਕਤੀਆਂ ਨੂੰ ਲਾਮਬੰਦ ਕਰ ਰਹੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ: ਵਿਚ ਸਿੱਖਾਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਨ੍ਹਾਂ ਤੋਂ ਆਪ ਛਕ ਕੇ ਇਕ ਅਜਿਹੇ ਸਮਾਜ ਦੀ ਨੀਂਹ ਧਰ ਦਿਤੀ ਸੀ ਜੋ ਕੇਵਲ ਭਜਨ-ਭਗਤੀ ਕਰਨ ਵਾਲਾ ਹੀ ਨਹੀਂ ਸਗੋਂ ਰਾਜ-ਭਾਗ ਪ੍ਰਾਪਤ ਕਰਨ ਅਤੇ ਸੰਭਾਲਣ ਵਾਲਾ ਵੀ ਬਣ ਸਕੇ। ਭਾਵੇਂ ਦਸਮੇਸ਼ ਪਿਤਾ ਆਪਣੀ ਇਸ ਕਾਮਨਾ ਨੂੰ ਆਪਣੇ ਜਿਉਂਦੇ ਜੀ ਹੋਂਦ ਵਿਚ ਨਾ ਲਿਆ ਸਕੇ, ਪਰ ਅਜਿਹੇ ਮਰਜੀਵੜਿਆਂ ਨੂੰ ਆਪਣੇ ਪਿਛੇ ਜ਼ਰੂਰ ਛੱਡ ਗਏ, ਜਿਹੜੇ ਮੁਗ਼ਲ ਰਾਜ ਦੀਆਂ ਵਧੀਕੀਆਂ ਅਜ਼ੀਅਤਾਂ ਨੂੰ ਸਹਿੰਦੇ ਹੋਏ ਇਕ ਦਿਨ ਅਜਿਹੇ 'ਲੁਟੇਰਿਆਂ' ਦੇ ਰੂਪ ਵਿਚ ਅੱਗੇ ਆ ਗਏ ਜਿਨ੍ਹਾਂ ਖਿੱਚ ਧੂਹ ਕਰਕੇ ਆਪਣੀਆਂ ਆਪਣੀਆਂ ਰਿਆਸਤਾਂ ਕਾਇਮ ਕਰ ਲਈਆਂ। ਰਾਜ ਭਾਗ ਦੀ ਹਉਂ ਨੇ ਵਿਕਰਾਲ ਲੜਾਈਆਂ ਲੜ ਕੇ, ਅੰਤ ਨੂੰ, ਮਹਾਰਾਜਾ ਰਣਜੀਤ ਸਿੰਘ ਦੀ ਪਾਤਸ਼ਾਹੀ ਦਾ ਰੂਪ ਲੈ ਲਿਆ। ਅਤੇ ਇਸ ਤਰ੍ਹਾਂ ਸਥਾਪਤ ਕੀਤੇ ਗਏ ਖ਼ਾਲਸਾ ਰਾਜ ਦੀਆਂ ਹੱਦਾਂ ਜਮਨਾਂ ਤੋਂ ਦੱਰਾ ਖ਼ੈਬਰ ਤਕ, ਕਸ਼ਮੀਰ ਤੋਂ ਸਿੰਧ ਦੇ ਮੈਦਾਨਾਂ ਤਕ ਪਸਰ ਗਈਆਂ।

ਦੂਜੇ ਪਾਸੇ, ਪੂਰਬ ਦੀ ਤਰਫ਼ੋਂ ਇਕ ਰਾਹੂ ਖ਼ਾਲਸਾ ਰਾਜ ਨੂੰ ਗ੍ਰੱਸਣ ਲਈ ਕਈ ਤਰ੍ਹਾਂ ਦੇ ਮਨਸੂਬੇ ਬਣਾ ਰਿਹਾ ਸੀ। ਇਹ ਇੰਗਲੈਂਡ ਦੇ ਛੋਟੇ ਜਿਹੇ ਟਾਪੂ ਵਿਚੋਂ ਉਠੇ ਡਾਢੇ ਬੁੱਧੀਮਾਨ ਲੁੱਟੇਰਿਆਂ ਦਾ ਬਾਕ਼ਾਇਦਾ ਸੰਗਠਨ ਸੀ, ਜੋ ਪਹਿਲਾਂ 'ਕੰਪਨੀ ਸਰਕਾਰ' ਤੇ ਫ਼ਿਰ ਬਰਤਾਨਵੀ ਤਾਜ ਦੀ ਤਾਕਤ ਲੈ ਸਾਡੇ ਮਹਾਨ ਦੇਸ, ਭਾਰਤ ਤੇ ਕਬਜ਼ਾ ਜਮਾ ਚੁੱਕਾ ਸੀ। ਦੁਨੀਆਂ ਭਰ ਵਿਚ ਇਕ-ਛੱਤਰ ਰਾਜ ਕਰਨ ਦਾ ਇਹ ਚਾਹਵਾਨ ਵਿਦੇਸ਼ੀ ਰਾਜ, ਪਹਿਲਾਂ ਦੇ ਬਣੇ ਸ਼ਸਤਰਾਂ ਤੋਂ ਵੱਧ ਤੇਜ਼ ਤੇ ਸ਼ਕਤੀਸ਼ਾਲੀ ਮਸ਼ੀਨੀ ਹਥਿਆਰਾਂ ਦਾ ਮਾਲਿਕ ਸੀ। ਅਤੇ ਇੰਗਲੈਂਡ ਵਿਚ ਪੈਦਾ ਹੋ ਚੁੱਕੀ ਸਾਇੰਸੀ ਤਰੱਕੀ ਕਾਰਨ, ਮਸ਼ੀਨਰੀ ਦੁਆਰਾ ਤਿਆਰ ਕੀਤੇ ਕਪੜੇ ਅਤੇ ਵਸਤਾਂ ਦੀ ਅਫਰਾਤ ਤੋਂ ਬਚਣ ਲਈ ਵਿਸ਼ਾਲ ਮੰਡੀਆਂ ਦੀ ਭਾਲ ਵਿਚ ਸੀ।

ਭਾਰਤ ਵਿਚਲੇ ਅੰਗਰੇਜ਼ ਸ਼ਾਸਕਾਂ ਨੇ ਪੰਜਾਬ ਰਾਜ ਉਤੇ ਵੀ ਗਿਰਝ-ਦ੍ਰਿਸ਼ਟੀ ਲਾਈ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਜੈਸੇ ਦੂਰਦਰਸ਼ੀ, ਤੀਖਣ ਬੁੱਧੀ ਤੇ ਚੌਕਸ ਆਦਮੀ ਦੇ ਅੱਖਾਂ ਮੀਟਣ ਪਿਛੋਂ ਖ਼ਾਲਸਾ ਰਾਜ ਸਾਜ਼ਸ਼ਾਂ ਦਾ ਅਖਾੜਾ ਬਣ ਗਿਆ। ਰਾਜ ਮਦ ਦੀਆਂ ਕੁਰੀਤੀਆਂ ਕਾਰਨ ਖ਼ਾਲਸਾ ਰਾਜ ਦੇ ਸਾਰੇ ਦਾਅਵੇਦਾਰ ਦਸ ਸਾਲਾਂ ਵਿਚ ਹੀ ਅੰਗਰੇਜ਼ ਦੀ ਕੁਟਿਲ ਨੀਤੀ ਨੇ ਬਿਲੇ ਲਾ ਦਿਤੇ ਤੇ ਬਰਤਾਨਵੀ ਸਾਮਰਾਜ ਨੇ 1849 ਵਿਚ ਪੰਜਾਬ ਨੂੰ ਸਮੂਲਚਾ ਹੀ ਨਿਘਾਰ ਲਿਆ। ਮਹਾਰਾਣੀ ਜਿੰਦਾਂ, ਸ਼ੇਰਿ ਪੰਜਾਬ ਦੀ ਪਤਨੀ, ਵੱਖ ਰੁਲਦੀ ਰੱਖੀ ਤੇ ਜਾਇਜ਼ ਵਾਰਸ ਦਲੀਪ ਸਿੰਘ ਨੂੰ ਕੁਝ ਸਮੇਂ ਬਾਅਦ ਵਲਾਇਤ ਭੇਜ ਕੇ ਪੰਜਾਬ ਲਈ "ਸਭ ਅੱਛਾ" ਕਰ ਲਿਆ ਗਿਆ।



Sri Satguru Jagjit Singh Ji eLibrary NamdhariElibrary@gmail.com

ਵਡੇ ਵਡੇ ਸਰਦਾਰਾਂ, ਜਾਗੀਰਦਾਰਾਂ, ਨਵਾਬਾਂ, ਰਾਜਿਆਂ ਮਹਾਰਾਜਿਆਂ ਨੂੰ ਡਰਾ ਧਮਕਾ, ਸਾਜ਼ਸ਼ਾਂ ਵਿਚ ਫਸਾ, ਸੰਧੀਆਂ ਕਰ ਕੇ ਜਦੋਂ ਅੰਗਰੇਜ਼ ਪੰਜਾਬ ਦੇ ਰਾਜ ਦਾ ਮਾਲਿਕ ਬਣ ਬੈਠਾ ਤਾਂ ਲੁਧਿਆਣੇ ਜ਼ਿਲੇ ਦੇ ਇਕ ਪਛੜੇ ਜਿਹੇ ਪਿੰਡੋਂ, ਸਾਧਾਰਣ ਤਰਖਾਣ ਪਰਵਾਰ ਦੇ ਮੈਂਬਰ ਰਾਮ ਸਿੰਘ ਨੇ ਉਹ ਦਰਦ ਅਨੁਭਵ ਕੀਤਾ, ਜੋ ਦੇਸ਼ ਦੇ ਕਿਸੇ ਮਹਾਨ ਹਿਤੈਸ਼ੀ ਵਿਚ ਹੀ ਪੈਦਾ ਹੋ ਸਕਦਾ ਸੀ। ਗੁਰੂ ਰਾਮ ਸਿੰਘ ਜੀ ਨੇ ਖ਼ਾਲਸਾ ਰਾਜ ਦੀ ਫ਼ੌਜੀ ਨੌਕਰੀ ਸਮੇਂ ਜੋ ਕੁਝ ਵੇਖਿਆ ਉਹ ਸੀ : ਪਰਸਪਰ ਬੇਇਤਫ਼ਾਕੀ, ਐਸ਼ੋ-ਇਸ਼ਰਤ ਵਿਚ ਗੁਆਚੇ ਹੋਣਾ, ਸਿੱਖੀ ਮਰਿਆਦਾ ਤੇ ਸਭਿਆਚਾਰ ਦਾ ਨਿਘਾਰ, ਧੋਹਾਮੋਹੀ ਤੇ ਚਰਿੱਤਰ-ਹੀਣਤਾ ਦਾ ਬੋਲਬਾਲਾ।

ਅਸਲ ਵਿਚ ਗੁਰੂ ਰਾਮ ਸਿੰਘ ਜੀ ਸਮੇਂ ਦੀ ਪੁਕਾਰ ਸਨ।

ਉਨ੍ਹਾਂ ਕੁਝ ਚਿਰ ਦੀ ਇਕਾਂਤ ਅਤੇ ਕਰਮਨਿਸ਼ਠਤਾ ਅਪਣਾ ਕੇ ਦੇਸ਼ ਦੇ ਮਰਜ਼ ਦਾ ਦਾਰੂ ਤਲਾਸ਼ ਕਰ ਲਿਆ। ਇਹ ਗੁਲਾਮੀ ਦੇ ਖ਼ਿਲਾਫ਼ ਤੇ ਚਰਿੱਤਰ-ਉਸਾਰੀ ਲਈ ਤਿੰਨ-ਪਾਸੜ ਪ੍ਰਭਾਵਸ਼ਾਲੀ ਦਵਾ ਸੀ।

ਸਮਾਜ ਦੇ ਚਰਿੱਤਰ ਨੂੰ ਉੱਚਾ ਉਠਾਣ ਲਈ ਆਪ ਨੇ ਆਪਣੇ ਤੋਂ ਪਹਿਲੇ ਸਤਿਗੁਰੂਆਂ ਦੀ ਬਾਣੀ ਨੂੰ ਆਧਾਰ ਬਣਾਇਆ। ਨਾਮ ਸਿਮਰਨ ਨੂੰ ਅਪਣਾਇਆ। ਇਨ੍ਹਾਂ ਦੋਹਾਂ ਨਾਲ ਹੀ ਮਨੋਬਲ ਵਿਚ ਵਾਧਾ ਤੇ ਚਰਿੱਤਰ ਉਸਾਰੀ ਵਿਚ ਅਮਿੱਤਵੀਂ ਦ੍ਰਿੜ੍ਹਤਾ ਆਉਂਦੀ ਹੈ। ਇਹ ਦੁਆਈ ਕੱਲੇ ਕੱਲੇ ਦੇ ਵਰਤਣ ਵਾਲੀ ਸੀ।

ਦੂਜਾ ਪੱਖ ਸੀ ਸਮੁੱਚੇ ਸਮਾਜ ਦੀ ਕਲਿਆਣ ਦਾ। ਇਸ ਪਾਸੇ ਇਸਤਰੀ ਨੂੰ ਪੁਰਸ਼ ਦੇ ਬਰਾਬਰ ਮਿਥਣ, ਲੜਕੀਆਂ ਨਾ ਮਾਰਨ, ਨਾ ਵੇਚਣ, ਨਾ ਵਟਾਣ; ਨਾ ਵਿਧਵਾ ਰੱਖਣ ਉਤੇ ਜ਼ੋਰ ਸੀ। ਮੜ੍ਹੀ ਗੋਰਾਂ ਦੀ ਪੂਜਾ, ਅਣਹੋਇਆਂ ਦੇ ਡਰ ਤੋਂ ਮੁਕਤੀ ਅਤੇ ਸਾਦਾ ਸੁਖਾਵੀਂ ਤੇ ਜ਼ਾਤਪਾਤ ਤੋੜਕ, ਵਿਆਹ ਸ਼ਾਦੀਆਂ ਦੀ ਪ੍ਰਥਾ, ਅਨੰਦ ਮਰਿਆਦਾ, ਰਾਇਜ ਕੀਤੀ।

ਤੀਜਾ ਅਤੇ ਨਿਸ਼ਾਨੇ ਦਾ ਪੱਖ ਸੀ : ਵਿਦੇਸ਼ੀ ਰਾਜ ਤੋਂ ਛੁਟਕਾਰਾ। ਇਸ ਕਾਰਜ ਲਈ ਸੋਝੀ ਭਰੀ ਜਥੇਬੰਦੀ ਉਸਾਰਨਾ, ਲੋਕਾਂ ਵਿਚ ਸੁਤੰਤਰ ਹੋਣ ਦੀ ਭਾਵਨਾ ਜਗਾਣੀ। ਇਸ ਲਈ ਆਧਾਰ ਬਣਾਏ ਗਏ — ਵਿਦੇਸੀ ਰਾਜ ਦੇ ਖ਼ਿਲਾਫ਼ ਦ੍ਰਿੜ੍ਹ ਨਫ਼ਰਤ, ਅੰਗਰੇਜ਼ਾਂ ਦੀ ਨੌਕਰੀ ਦਾ ਬਾਈਕਾਟ, ਅੰਗਰੇਜ਼ੀ ਤਾਲੀਮ ਦਾ ਵਿਰੋਧ, ਅੰਗਰੇਜ਼ਾਂ ਦੇ ਨਿਆਇ ਢੰਗ — ਕਚਹਿਰੀ — ਦਾ ਬਾਈਕਾਟ, ਅੰਗਰੇਜ਼ ਦੀ ਡਾਕ-ਤਾਰ ਦਾ ਤਿਆਗ, ਅੰਗਰੇਜ਼ੀ ਵਸਤਰਾਂ ਅਤੇ ਵਸਤਾਂ ਦਾ ਬਾਈਕਾਟ।

ਅਜਿਹੀ ਤ੍ਰਿਪਾਸੜ ਉਸਾਰੀ ਦਾ ਪ੍ਰਭਾਵ ਲੋਕਾਂ ਨੇ ਇਜ਼ ਕਬੂਲਿਆ, ਜਿਵੇਂ ਇਹ ਉਨ੍ਹਾਂ ਦਾ ਹੀ ਸੁਪਨਾ ਹੋਵੇ। ਗੁਰੂ ਰਾਮ ਸਿੰਘ ਜੀ ਦਾ ਸਦਾ ਸਾਹਵੇਂ ਦਿਸਦਾ ਆਚਰਣ ਅਤੇ ਉਨ੍ਹਾਂ ਦੇ ਸਥਾਪਤ ਆਗੂਆਂ ਦਾ ਚਰਿੱਤਰ, ਐਸਾ ਸੀ ਕਿ ਮਨੋਰਥ ਪਕੜ ਵਿਚ ਆਉਣ ਵਾਲਾ ਦਿਸਦਾ ਸੀ।

ਇਨ੍ਹਾਂ ਉਪਰ ਦੱਸੇ ਮੁੱਦਿਆਂ ਤੇ ਵਿਚਾਰ ਕੀਤਿਆਂ ਮਾਲੂਮ ਹੁੰਦਾ ਹੈ ਕਿ ਗੁਰੂ ਰਾਮ ਸਿੰਘ, ਇਕ ਛੋਟੇ ਪਿੰਡ ਦੇ ਵਿਅਕਤੀ ਨੇ, ਏਨਾ ਵੱਡਾ ਕੁਝ ਸੋਚ ਤੇ ਸਮਝ ਲਿਆ



Sri Satguru Jagjit Singh Ji eLibrary NamdhariElibrary@gmail.com

ਸੀ ਕਿ ਉਸ ਵੇਲੇ ਉਨ੍ਹਾਂ ਦੇ ਟਾਕਰੇ ਤੇ ਕੋਈ ਵੀ ਐਸਾ ਪ੍ਰਤਿਭਾਵਾਨ ਨਹੀਂ ਸੀ, ਜੋ ਦੇਸ਼ ਨੂੰ ਸਹੀ ਤੇ ਠੋਸ ਅਗਵਾਈ ਦੇ ਸਕਦਾ।

ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬਿਆਂ ਦਾ, ਜਿਨ੍ਹਾਂ ਨੂੰ ਉਹਨਾਂ ਆਪਣੇ ਵਾਲੇ ਹੀ ਅਧਿਕਾਰ ਦੇ ਰਖੇ ਸਨ (ਬਿਨਾਂ ਆਪਣੀ ਸਿਖਰ ਦੀ ਪਦਵੀ ਦੇ) ਅਜਿਹਾ ਸਾਰਥਕ ਪ੍ਰਭਾਵ ਸੀ ਕਿ ਕੇਵਲ ੫-੭ ਸਾਲਾਂ ਵਿਚ ਪਿੰਡਾਂ ਦੇ ਪਿੰਡ, ਇਲਾਕਿਆਂ ਦੇ ਇਲਾਕੇ ਇਸ ਤਹਿਰੀਕ ਵਿਚ ਸ਼ਾਮਲ ਹੋ ਗਏ। ਅੰਮ੍ਰਿਤ ਵੇਲੇ ਉੱਠਣਾ, ਸੌਚ ਅਸ਼ਨਾਨ ਕਰ ਭਜਨ ਬਾਣੀ ਵਿਚ ਲਗਣਾ, ਸਫ਼ੈਦ ਖਾਦੀ ਦੇ ਵਸਤਰ ਪਹਿਨਣਾ, ਇਕ ਫ਼ੈਸ਼ਨ ਹੋ ਗਿਆ। ਦੈਵੀ ਗੁਣਾਂ ਦਾ ਪਸਾਰਾ ਤੇਲ ਦੀ ਥਿੰਧਿਆਈ ਵਾਂਗ ਵਧਣ ਲੱਗਾ।

ਏਥੇ ਅਸਾਂ ਉਸ ਸਾਰੀ ਤਹਿਰੀਕ ਦਾ ਸਰਵੇਖਣ ਨਹੀਂ ਕਰਨਾ। ਸਿਰਫ਼ ਇਹ ਜਤਲਾਣ ਦਾ ਆਸ਼ਾ ਹੈ ਕਿ ਸਾਧਾਰਨ ਦਿਹਾਤ ਵਿਚੋਂ ਉਠੇ ਇਹ ਵਿਚਾਰ ਕੌਮੀ ਤੇ ਰਾਜਸੀ ਜੀਵਨ ਤੇ ਪ੍ਰਭਾਵ ਪਾਣ ਵਾਲੇ ਹੋ ਗਏ। ਇਨ੍ਹਾਂ ਦੇ ਅਪਨਾਉਣ ਵਾਲਾ ਆਮ ਗ਼ਰੀਬ ਤੇ ਕਿਰਤੀ ਤਬਕਾ ਸੀ ਬਿਨਾਂ ਜ਼ਾਤ ਗੋਤ ਦੇ ਵਿਤਕਰੇ ਤੋਂ। ਅਤੇ ਇਸ ਭਾਈਚਾਰੇ ਦੀ ਏਨੀ ਚੜ੍ਹਤ ਹੋ ਗਈ ਕਿ ਵੱਡੇ ਜਾਗੀਰਦਾਰ ਵੀ ਇਸ ਉਭਰਦੀ ਸ਼ਕਤੀ ਨੂੰ ਆਸ਼ਾਵਾਦੀ ਨਜ਼ਰੀਏ ਤੋਂ ਵੇਖਣ ਲੱਗੇ। ਕਈਆਂ ਨੂੰ ਮੁੜ ਖ਼ਾਲਸਾ ਰਾਜ ਦੀ ਪ੍ਰਾਪਤੀ ਦੇ ਸੁਪਨੇ ਆਉਣ ਲੱਗ ਪਏ। ਤੇ ਉਹ ਇਸ ਨਵੇਂ ਸ਼ਕਤੀ-ਕੇਂਦਰ ਦੇ ਨੇੜੇ ਢੁੱਕ-ਢੁੱਕ ਬੈਠਣ ਦੀ ਲੋੜ ਅਨੁਭਵ ਕਰਨ ਲੱਗੇ।

ਉਹ ਲੋਕ ਵੀ ਮੌਜੂਦ ਸਨ, ਜੋ ਸਰਕਾਰ ਮਾਈ-ਬਾਪ ਦੀਆਂ ਘੋੜੀਆਂ ਗਾ ਗਾ ਕੇ ਉੱਚੇ ਅਹੁਦਿਆਂ ਅਤੇ ਰਾਖਵੀਆਂ ਸਰਦਾਰੀਆਂ ਦੇ ਮਾਲਿਕ ਬਣ ਚੁਕੇ ਸਨ। ਉਨ੍ਹਾਂ ਨੂੰ ਇਸ ਵਿਦੇਸ਼ੀ ਰਾਜ ਵਿਚ ਭਾਈਵਾਲ ਬਣਾਇਆ ਗਿਆ ਤੇ ਨਵੀਂ ਸਿੱਖਿਆ ਦੇ ਕੇ ਉਨ੍ਹਾਂ ਨੂੰ ਵਿਦੇਸ਼ੀ ਤੰਤਰ ਦੀ ਸਹਾਇਤਾ, ਸਥਾਪਤੀ ਤੇ ਸਥਿਰਤਾ ਲਈ ਯੋਗ ਕਾਡਰ ਦੇ ਤੌਰ ਤੇ ਉਸਾਰਿਆ ਗਿਆ।

ਸੁਭਾਵਕ ਸੀ ਕਿ 'ਖ਼ਾਲਸਾ ਰਾਜ' ਦੇ ਚਾਹਵਾਨਾਂ ਤੇ ਵਿਦੇਸ਼ੀ ਰਾਜ ਦੇ ਸ਼ੁਭਚਿੰਤਕਾਂ ਵਿਚਾਲੇ ਟੱਕਰ ਹੁੰਦੀ। ਅੰਗਰੇਜ਼ਾਂ ਨੇ ਆਪਣੇ ਰਾਜ ਨੂੰ ਬਚਾਣ ਅਤੇ ਪ੍ਰਸਾਰਨ ਲਈ ਹਰ ਹਰਬਾ ਵਰਤਿਆ। ਸਿੱਖਾਂ ਵਿਚ ਵਧਦੇ ਗੁਰੂ ਰਾਮ ਸਿੰਘ ਜੀ ਦੇ ਪ੍ਰਭਾਵ ਨੂੰ ਰੋਕਣ ਲਈ ਧਨਵਾਨਾਂ, ਸਰਦਾਰਾਂ, ਜਗੀਰਦਾਰਾਂ ਅਤੇ ਸੁਆਰਥੀ ਬੁੱਧੀਮਾਨਾਂ ਨੂੰ ਲਾਮਬੰਦ ਕਰ ਕੇ ਪ੍ਰਾਪੇਗੰਡੇ ਦੀ ਧਿਰ ਬਣਾਇਆ। ਬਾਅਦ ਵਿਚ ਜਦੋਂ ਕੂਕਾ ਤਹਿਰੀਕ ਆਪਣੇ ਤਿੱਖੇ ਤੇ ਕਾਹਲੇ ਪੈਰੋਕਾਰਾਂ ਹੱਥੋਂ ਹੀ ਦੁਸ਼ਮਣ ਨੂੰ ਤਕੜਿਆਂ ਹੋਣ ਦਾ ਮੌਕਾ ਦੇ ਗਈ, ਓਦੋਂ ਸਿੰਘ ਸਭਾ ਵਰਗੀਆਂ ਲਹਿਰਾਂ ਨੂੰ ਜਥੇਬੰਦ ਤੇ ਉਤਸ਼ਾਹਤ ਕਰ ਕੇ ਗੁਰਬਾਣੀ ਤੇ ਗੁਰੂਆਂ ਦੀ ਸਿਖਿਆ ਨੂੰ ਇਕਦਮ ਉਲਟੀ ਸੇਧ ਦੇਣ ਵਿਚ ਸਫ਼ਲਤਾ ਲੈ ਲਈ ਤਾਕਿ ਅੱਗੋਂ ਤੋਂ ਕੋਈ ਵੀ ਇਕ ਸ਼ਖ਼ਸੀਅਤ ਆਪਣੇ ਪ੍ਰਭਾਵ ਦੁਆਰਾ ਰਾਜ ਨੂੰ ਮੁਸ਼ਕਲ ਵਿਚ ਨਾ ਪਾ ਸਕੇ।

* * *

ਗੁਰੂ ਰਾਮ ਸਿੰਘ ਜੀ ਦੀ ਇਸ ਸਾਰੀ ਜਦੋਜਹਿਦ ਵਿਚ ਜਿਹੜੇ ਪਹਿਲੇ ਪੰਜ, ਫੇਰ ਗਿਆਰਾਂ ਅਤੇ ਫੇਰ ਬਾਈ ਸੱਜਣ ਸ਼ਾਨਾ-ਬ-ਸ਼ਾਨਾ ਹੋ ਕੇ ਡਟੇ ਰਹੇ, ਉਨ੍ਹਾਂ 'ਚੋਂ



Sri Satguru Jagjit Singh Ji eLibrary NamdhariElibrary@gmail.com

ਸਾਹਿਬ ਸਿੰਘ ਜੀ ਪਹਿਲੇ ਨੰਬਰ ਤੇ ਆਉਂਦੇ ਹਨ। ਉਨ੍ਹੀਵੀਂ ਸਦੀ ਦੇ ਸਤਵੇਂ ਦਹਾਕੇ ਵਿਚ, ਭੈਣੀ ਸਾਹਿਬ ਅੰਗਰੇਜ਼-ਸਰਕਾਰ-ਵਿਰੋਧੀ ਕੇਂਦਰ ਦੇ ਤੌਰ ਤੇ ਸਥਾਪਤ ਹੋ ਚੁਕਾ ਸੀ। ਇਸ ਦੀ ਮੁਖ ਧਿਰ ਤਾਂ ਬਿਲਾ ਸ਼ਕ ਗੁਰੂ ਰਾਮ ਸਿੰਘ ਹੀ ਸਨ, ਪਰ ਹਰ ਤਰ੍ਹਾਂ ਦੇ ਸਹਿਯੋਗੀ ਤੇ ਸਲਾਹਕਾਰ ਇਹ ਵਿਅਕਤੀ ਵੀ ਸਨ :

ੳ. ਬਾਬਾ ਜਵਾਹਰ ਸਿੰਘ ਭਾਈ ਕੀ ਡਰੋਲੀ ;

ਅ. ਬਾਬਾ ਕਾਨ੍ਹ ਸਿੰਘ ਨਿਹੰਗ ਚੱਕ, ਰਿ: ਮਲੇਰ ਕੋਟਲਾ ;

ੲ. ਬਾਬਾ ਲੱਖਾ ਸਿੰਘ ਮਲੌਦ, ਜ਼ਿ: ਲੁਧਿਆਣਾ ;

ਸ. ਬਾਬਾ ਸਾਹਿਬ ਸਿੰਘ, ਬਰਮਾਲੀਪੁਰ*, ਜ਼ਿ: ਅੰਮ੍ਰਿਤਸਰ, ਅਤੇ

ਹ. ਬਾਬਾ ਸੁੱਧ ਸਿੰਘ ਮਢੌਰ, ਜ਼ਿ: ਅੰਬਾਲਾ ਵਾਲੇ।

ਜਦੋਂ ੧੮੬੩ ਤੋਂ ੧੮੬੭ ਤਕ ਵਿਦੇਸ਼ੀ ਸਰਕਾਰ ਨੇ ਗੁਰੂ ਰਾਮ ਸਿੰਘ ਜੀ ਨੂੰ, ਇਕ ਤਰ੍ਹਾਂ ਭੈਣੀ ਸਾਹਿਬ ਹੀ ਨਜ਼ਰਬੰਦ ਕਰ ਦਿਤਾ, ਉਦੋਂ ਉਨ੍ਹਾਂ ਦਾ ਸੰਦੇਸ਼ ਘਰ ਘਰ ਪਹੁੰਚਾਣ ਲਈ ਸੂਬਿਆਂ ਦੀ ਪ੍ਰਥਾ ਰਾਇਜ ਕੀਤੀ ਗਈ। ਇਹ ਸੂਬੇ ਵਖ ਵਖ ਜ਼ਿਲਿਆਂ ਅਤੇ ਇਲਾਕਿਆਂ ਦੇ ਮੁਖੀ ਸਨ। ਇਹ ਨਾਮਧਾਰੀ ਮਿਸ਼ਨ ਦਾ ਪਰਚਾਰ ਕਰਦੇ, ਭਾਈਚਾਰਕ ਉਲਝਨਾਂ ਸੁਲਝਾਂਦੇ, ਅਤੇ ਪਰਸਪਰ ਝਗੜਿਆਂ ਵਿਚ ਫ਼ੈਸਲੇ ਦਿੰਦੇ। ਭਜਨ ਦੱਸ, ਅੰਮ੍ਰਿਤ ਛਕਾ ਦੂਜਿਆਂ ਨੂੰ ਆਪਣੇ ਮਤ ਵਿਚ ਲਿਆਉਂਦੇ, ਮੇਲੇ-ਮੁਸਾਹਬੇ ਕਰਦੇ-ਕਰਵਾਂਦੇ। ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਸੂਬਿਆਂ ਦੀ ਜ਼ਬਾਨ ਵਿਚ ਵੀ ਗੁਰੂ ਰਾਮ ਸਿੰਘ ਜੀ ਵਰਗੀ ਤਾਸੀਰ ਸੀ।

ਦੂਜੀ ਕਿਸ਼ਤ ਵਿਚ, ਉਪਰਲਿਆਂ ਤੋਂ ਬਿਨਾਂ ਹੋਰ ਸੂਬੇ ਬਣਾਏ ਗਏ, ਉਨ੍ਹਾਂ ਦੇ ਨਾਮ ਹਨ :

ਕ. ਬਾਬਾ ਰੂੜ ਸਿੰਘ ਬਰਮਾਲੀਪੁਰ, ਜ਼ਿ: ਅੰਮ੍ਰਿਤਸਰ

ਖ. ਬਾਬਾ ਪਹਾੜਾ ਸਿੰਘ ਮਲੌਦ, ਜ਼ਿ: ਅੰਬਾਲਾ

ਗ. ਬਾਬਾ ਮਾਨ ਸਿੰਘ ਸੈਦੋ, ਜ਼ਿ: ਫ਼ੀਰੋਜ਼ਪੁਰ

ਘ. ਬਾਬਾ ਹੁਕਮ ਸਿੰਘ ਪਿੱਥੋ (ਰਿ. ਨਾਭਾ)

ਙ. ਬਾਬਾ ਬ੍ਰਹਮਾ ਸਿੰਘ ਦਰੀਆਪੁਰ (ਕੈਥਲ)

ਚ. ਸ: ਮੰਗਲ ਸਿੰਘ ਬਿਸ਼ਨਪੁਰੀਆ।

ਅਤੇ ਤੀਜੀ ਵਾਰ ਫਿਰ ਪਰਚਾਰ ਘੇਰੇ ਨੂੰ ਵਿਸ਼ਾਲਣ ਲਈ ਹੇਠ ਲਿਖੇ ਸੂਬੇ ਸਥਾਪਤ ਕੀਤੇ ਗਏ। ਇਨ੍ਹਾਂ ਨਾਲ ਬਾਈ ਸੂਬਿਆਂ ਦੀ ਫਹਿਰਿਸਤ ਮੁਕੰਮਲ ਹੋ ਗਈ :

ਛ. ਬਾਬਾ ਸਰਮੁਖ ਸਿੰਘ ਲੱਲ੍ਹਵਾਲ (ਰਿ: ਪਟਿਆਲਾ)

ਜ. ਬਾਬਾ ਗੋਪਾਲ ਸਿੰਘ ਮਢੌੜ (ਰਿ: ਪਟਿਆਲਾ)

ਝ. ਬਾਬਾ ਰਤਨ ਸਿੰਘ ਉਰਫ਼ ਗਿਆਨੀ ਸਿੰਘ ਮੰਡੀ

ਞ. ਬਾਬਾ ਖ਼ੁਸ਼ਹਾਲ ਸਿੰਘ ਥਰਾਜ (ਹਿਸਾਰ)।

* ਪੁਲਿਸ ਵਿਭਾਗ ਜ਼ਿ: ਫ਼ੀਰੋਜ਼ਪੁਰ ਦੀ ਇਕ ਫਹਿਰਿਸਤ ਵਿਚ ਸੂਬਾ ਸਾਹਿਬ ਅਤੇ ਸੂਬਾ ਰੂੜ ਸਿੰਘ ਦਾ ਪਿੰਡ ਦਰਗਾਪੁਰ, ਥਾਣਾ ਤਰਨਤਾਰਨ ਜ਼ਿ: ਅੰਮ੍ਰਿਤਸਰ ਦੱਸਿਆ ਗਿਆ ਹੈ।



Sri Satguru Jagjit Singh Ji eLibrary NamdhariElibrary@gmail.com

ਟ. ਬਾਬਾ ਨਰਾਇਣ ਸਿੰਘ ਖਟੜੇ (ਲੁਧਿਆਣਾ)
ਠ. ਬਾਬਾ ਮਲੂਕ ਸਿੰਘ ਫੂਲੇ ਵਾਲ
ਡ. ਬਾਬਾ ਸਮੁੰਦ ਸਿੰਘ ਪਿੰਡ ਘੋਟੇ (ਫੀਰੋਜ਼ਪੁਰ)
ਢ. ਬਾਬਾ ਖਜ਼ਾਨ ਸਿੰਘ ਲਧਾਣਾ (ਜਲੰਧਰ)
ਣ. ਬਾਬਾ ਭਗਵਾਨ ਸਿੰਘ-ਫੱਤੇਵਾਲ (ਅੰਮ੍ਰਿਤਸਰ)
ਤ. ਬਾਬਾ ਜਮੀਅਤ ਸਿੰਘ ਗਿੱਲ (ਸਿਆਲਕੋਟ)
ਥ. ਬਾਬਾ ਜੋਤਾ ਸਿੰਘ ਢਪਈ (ਸਿਆਲਕੋਟ)

ਇੰਜ ਇਨ੍ਹਾਂ ਵਿਸ਼ਵਸਤ ਸਿੱਖਾਂ ਅਤੇ ਸਾਥੀਆਂ ਨੂੰ ਨਾਲ ਲੈ ਕੇ ਗੁਰੂ ਰਾਮ ਸਿੰਘ ਜੀ ਨੇ ਮੁੜ ਸੁਤੰਤਰਤਾ ਪ੍ਰਾਪਤੀ ਦਾ ਹੀਲਾ ਜਾਰੀ ਰਖਿਆ। ਏਥੇ ਨਾ ਅਸੀਂ ਗੁਰੂ ਰਾਮ ਸਿੰਘ ਜੀ ਦੀ ਤਾਰੀਖ਼ ਲਿਖ ਰਹੇ ਹਾਂ ਅਤੇ ਨਾ ਹੀ ਉਸ ਮੁੱਢਲੇ ਪਰ ਅਹਿੰਸਕ ਸੁਤੰਤਰਤਾ ਸੰਗਰਾਮ ਦੀ ਵਿਥਿਆ ਬਿਆਨ ਰਹੇ ਹਾਂ ਜੋ ਅਗੇ ਚੱਲ ਕੇ ਮਹਾਤਮਾ ਗਾਂਧੀ ਦੇ ਵਿਚਾਰਾਂ ਦਾ ਆਧਾਰ ਅਤੇ ਦੇਸ਼ ਦੀ ਆਜ਼ਾਦੀ ਵਾਸਤੇ ਵਸੀਹ ਬੁਨਿਆਦ ਬਣਿਆ। ਏਥੇ ਤਾਂ ਕੇਵਲ ਇਸ ਪਿਛੋਕੜ ਵਿਚ ਸੂਬਾ ਸਾਹਿਬ ਸਿੰਘ ਜੀ ਦੇ ਯੋਗਦਾਨ ਅਤੇ ਪ੍ਰਾਪਤ ਜੀਵਨੀ ਨੂੰ ਹੀ ਕਲਮਬੰਦ ਕਰਨਾ ਹੈ।

## ਆਗਮਨ

ਸਾਹਿਬ ਸਿੰਘ ਜੀ ਉਦੋਂ ਸਿਰਫ਼ ੨੪-੨੫ ਸਾਲਾਂ ਦੇ ਭਰ ਜੁਆਨ ਹੀ ਸਨ, ਜਦੋਂ ਗੁਰੂ ਰਾਮ ਸਿੰਘ ਜੀ ਪਾਸ ਆਏ। ਗੁਰੂ ਰਾਮ ਸਿੰਘ ਜੀ ਨੇ ਆਪਣੇ ਮਿਸ਼ਨ — ਖ਼ਾਲਸਾ ਰਾਜ — ਦੀ ਪੂਰਤੀ ਲਈ ੧੮੫੭ ਵਿਚ ਸਮਾਜ ਸੁਧਾਰ ਤੇ ਧਰਮ ਪ੍ਰਚਾਰ ਦੇ ਨਾਲ ਨਾਲ ਇਸ ਲੋੜ ਦੀ ਵੀ ਇੱਛਾ ਜਗਾ ਦਿਤੀ ਸੀ। ਇਸ ਤੋਂ ਪਹਿਲਾਂ ਉਨ੍ਹਾਂ ਲੋੜੀਂਦੇ ਆਦਮੀਆਂ ਨੂੰ ਸੁਪਨਿਆਂ, ਦੈਵੀ ਸੁਨੇਹਿਆਂ ਤੇ ਮਿਲੌਣੀਆਂ ਦੁਆਰਾ ਆਪਣੇ ਪਾਸ ਬੁਲਾਇਆ ਸੀ। ਇਨ੍ਹਾਂ ਮੁੱਢਲੇ ਦਿਨਾਂ ਵਿਚ ਹੀ ਸਾਹਿਬ ਸਿੰਘ ਸਤਿਗੁਰਾਂ ਪਾਸ ਆ ਗਏ।

ਜ਼ਿਲਾ ਅੰਮ੍ਰਿਤਸਰ, ਤਹਿਸੀਲ ਤਰਨਤਾਰਨ, ਪਿੰਡ ਬਰਮਾਲੀਪੁਰ ਦਾ ਗੋਰਾ ਨਿਛੋਹ, ਦਰਮਿਆਨੇ ਕੱਦ ਤੇ ਭਰਪੂਰ ਸਰੀਰ ਦਾ ਇਹ ਕਿਸ਼ੋਰ ਅਜੇ ਸੋਲ੍ਹਵੇਂ ਸਾਲ ਵਿਚ ਹੀ ਸੀ (ਜਨਮ ੧੮੩੪ ਈ:) ਕਿ ਉਦਾਸੀ ਸਾਧੂਆਂ ਦਾ ਚੇਲਾ ਬਣ ਗਿਆ। ਥੋੜੀ ਬਾਹਲੀ ਅੱਖਰ ਪਛਾਣ ਤਾਂ ਪਹਿਲਾਂ ਵੀ ਸੀ, ਪਰ ਕਿਸੇ ਵਿਦਵਾਨ ਉਦਾਸੀ ਦੇ ਪ੍ਰਭਾਵ ਹੇਠ ਆ, ਅਗੋਂ ਪੜ੍ਹਨ ਦੀ ਰੀਝ ਨਾਲ ਇਸ ਨੇ ਆਪਣਾ ਪੁਸ਼ਤੈਨੀ ਕਿੱਤਾ-ਤਰਖਾਣਾ ਵਿਹਾਰ-ਤਿਆਗ ਦਿਤਾ। ਆਪਣੇ ਪਿਤਾ ਭਾਈ ਦਿਆਲ ਸਿੰਘ ਨੂੰ ਮੰਨ-ਮਨਾ ਕੇ ਇਹ ਸਾਧੂਆਂ ਦੀ ਜਮਾਤ ਨਾਲ ਤੁਰ ਪਿਆ।

ਉਦਾਸੀ ਸਾਧੂਆਂ ਵਿਚ ਨਾਂਗੇ ਸੰਤਾਂ ਦਾ ਆਪਣਾ ਹੀ ਪ੍ਰਭਾਵ ਸੀ। ਲੋਕ ਇਨ੍ਹਾਂ ਵਸਤਰ-ਤਿਆਗੀ, ਬਿਭੂਤਧਾਰੀ, ਜਟਾਵਾਂ ਵਾਲੇ ਸਾਧਾਂ ਨੂੰ ਭਗਵਾਨ ਸ਼ਿਵ ਦਾ ਰੂਪ, ਭਗਵਾਨ ਸ੍ਰੀ ਚੰਦ ਦੀ ਜੋਤ ਜਾਣ ਮਨੋਂ ਪੂਜਦੇ ਸਤਿਕਾਰਦੇ। ਸਾਡੇ ਸਾਹਿਬ ਸਿੰਘ ਜੀ ਵੀ ਨਾਂਗਿਆਂ ਦੇ ਧੂਣਿਆਂ ਦੀ ਸ਼ੋਭਾ ਸਨ।



Sri Satguru Jagjit Singh Ji eLibrary NamdhariElibrary@gmail.com

ਹੌਲੀ-ਸਹਿਜੇ ਇਨ੍ਹਾਂ ਵੀ ਇਕ ਛੋਟੀ ਜਿਹੀ, ਨਾਂਗੇ ਸਾਧੂਆਂ ਦੀ, ਜਮਾਤ ਦੀ ਮਹੰਤੀ ਪ੍ਰਾਪਤ ਕਰ ਲਈ। ਆਮ ਕਰ ਕੇ ਅੰਮ੍ਰਿਤਸਰੀ ਸੂਝ ਸਮਝ ਵਲੋਂ ਤਿੱਖੇ ਹੁੰਦੇ ਹਨ, ਉਹ ਆਪਣੇ ਨਿਸ਼ਾਨੇ ਮਿਥ ਕੇ ਹੀ ਚਲਦੇ ਹਨ ਤੇ ਯੋਗਤਾ ਦਾ ਸਾਰਾ ਜ਼ੋਰ ਪ੍ਰਾਪਤੀ ਲਈ ਲਾ ਦਿੰਦੇ ਹਨ। ਕੁਸ਼ਲ ਬੁੱਧੀ ਸਾਹਿਬ ਸਿੰਘ ਨੇ ਵੀ ਆਪਣੇ ਮਹੰਤ ਨੂੰ ਰੀਝਾ ਲਿਆ ਸੀ ਤੇ ਇਕ ਸੁਤੰਤਰ ਢਾਣੀ ਦਾ ਸਰਦਾਰ ਬਣ ਗਿਆ।

ਨਗਰਾਂ ਖੇੜਿਆਂ ਵਿਚ ਇਸ ਜਵਾਨ ਸਾਧੂ ਦੀ ਜਮਾਤ ਜਾਂਦੀ। ਛੱਪੜਾਂ ਕੰਢੇ ਜਾਂ ਮੜ੍ਹੀਆਂ ਲਾਗੇ ਕਿਸੇ ਬੋਹੜ ਜਾਂ ਪਿੱਪਲ ਦੇ ਘਣਛਾਵੇਂ ਬਿਰਛ ਥੱਲੇ ਡੇਰੇ ਡਾਲਦੀ, ਗੋਹੇ-ਪਾਥੀਆਂ ਤੇ ਲੱਕੜਾਂ ਮੰਗਵਾ ਧੂਣੇ ਲਗਵਾਂਦੀ। ਸਵੇਰੇ ਉੱਠ ਬਿਰਧ ਸਾਧੂ ਜੁਆਨਾਂ ਨੂੰ ਸੰਖ ਦੇ, ਨਰਸਿੰਗਿਆਂ ਵਿਚ ਫੂਕਾਂ ਮਾਰ ਉੱਚੀਆਂ ਆਵਾਜ਼ਾਂ ਕੱਢ ਆਪਣੀ ਹੋਂਦ ਦਾ ਸਬੂਤ ਦਿੰਦੇ। ਜਗਿਆਸਾ ਭਰੇ ਲੋਕ, ਜਿਨ੍ਹਾਂ ਨੂੰ ਸਵਾ ਸਦੀ ਪਹਿਲਾਂ ਕੋਈ ਬਾਹਲੇ ਕੰਮ ਨਹੀਂ ਸਨ ਹੁੰਦੇ, ਇਨ੍ਹਾਂ ਦੇ ਦੁਆਲੇ ਬੈਠੇ ਦਰਸ਼ਨ-ਮੇਲੇ ਅਤੇ ਵਿਚਾਰ-ਵਟਾਂਦਰਾ ਕਰਦੇ-ਸੁਣਦੇ।

ਇੰਜ ਹੀ ਇਕ ਦਿਨ :

ਪੁੱਤ ਸਪੁੱਤਰ ਸਤਿਗੁਰੂ, ਨਾਨਕ ਦੇਵ ਦੇ
ਸ੍ਰੀ ਚੰਦ ਮਹਾਰਾਜ, ਉਦਾਸੀ ਭੇਖ ਦੇ
ਸਨ ਪਰਵਰਤਕ ਲੋਕੀਂ ਸਾਰੇ ਜਾਣਦੇ
ਨਾਂਗੇ ਜੋ ਅਵਧੂਤ, ਮੰਡਲੀਆਂ ਫੇਰਦੇ
ਸੁਣੀ ਉਨ੍ਹਾਂ ਨੇ ਸੋ, ਭੈਣੀ ਸਾਹਿਬ ਦੀ
ਕੂਕੇ ਦੀ ਹੁਣ ਕੂਕ, ਉਜਾਗਰ ਹੋ ਗਈ
ਉੱਡ ਗਈ ਖ਼ੁਸ਼ਬੂ, ਵਿਚ ਪੰਜਾਬ ਦੇ
ਸੰਤ ਉਦਾਸੀ ਆਏ, ਸਨ ਜਮਾਤ ਲੈ
ਮੋਹਿਆ ਗਿਆ ਮਹੰਤ ਦਰਸ਼ਨ ਕਰਦਿਆਂ
ਨਾਉਂ ਜਿਨ੍ਹਾਂ ਦਾ ਹੈਸੀ ਸ੍ਰੀ ਬ੍ਰਹਮ ਸੁਧ*
ਬ੍ਰਹਮ ਬੂਟੇ ਸੰਤ, ਦੋ ਉਹ ਬਾਲਕੇ
ਖੋਲ੍ਹ ਜਟਾਵਾਂ ਕੇਸ ਫੇਰ ਬਣਾ ਲਏ
ਕਰ ਲਈ ਇਨ੍ਹਾਂ ਤਿਆਰੀ ਅੰਮ੍ਰਿਤ ਛਕਣ ਦੀ
ਉਨ੍ਹੀਂ ਸੌ ਸੀ ਸੋਲ੍ਹਾਂ ਸੰਮਤ ਬਿਕ੍ਰਮੀ

(ਮਾਲਵਿੰਦ੍ਰ, ਸੰਤ ਇੰਦਰ ਸਿੰਘ ਚਕ੍ਰਵਰਤੀ)

ਗੁਰੂ ਰਾਮ ਸਿੰਘ ਜੀ ਦਾ ਨਾਂਗੇ ਸਾਧੂਆਂ ਨਾਲ ਸੰਬੰਧ ਚਿਰੋਕਣਾ ਸੀ। ਛੋਟੀ ਜੀਵਨ ਵਿਚ ਉਹ ਕੋਟ ਵਾਲੇ ਨਾਂਗੇ ਸਾਧੂ ਨੂੰ ਚੰਗੇ ਸਾਧਾਂ ਵਿਚੋਂ ਮੰਨਦੇ ਸਨ। ਇਕ ਵਾਰ ਉਨ੍ਹਾਂ ਨੇ ਉਹਦੇ ਸਤਿਕਾਰ ਵਿਚ ਮਹਿਲ ਜੱਸਾਂ ਜੀ ਦਾ ਧੀ-ਜੁਆਈ ਲਈ ਸੰਭਾਲਿਆ ਡੱਬੀਆਂ ਵਾਲਾ ਖੇਸ ਚੁੱਕ ਕੇ ਉਸ ਨੂੰ ਫੜਾ ਦਿਤਾ ਸੀ। ਇਕ ਵਾਰ ਇੰਜ ਵੀ

* ਬਾਬਾ ਸੰਤੋਖ ਸਿੰਘ ਨੇ ਇਹ ਨਾਮ 'ਸੁਤੇ ਪ੍ਰਕਾਸ਼' ਦਸਿਆ ਹੈ।



Sri Satguru Jagjit Singh Ji eLibrary NamdhariElibrary@gmail.com

ਹੋਇਆ ਕਿ ਨਾਂਗੇ ਸਾਧੂਆਂ ਦੀ ਜਮਾਤ ਖੂਹ ਪਾਸ ਬੋਹੜ ਹੇਠ ਆ ਉਤਰੀ, ਪਰ ਭੈਣੀ ਦਿਆਂ ਲੋਕਾਂ ਨੇ ਉਨ੍ਹਾਂ ਦਾ ਨਾ ਸੁਆਗਤ-ਸਤਿਕਾਰ ਕੀਤਾ ਤੇ ਨਾ ਹੀ ਖਾਣ ਪੀਣ ਨੂੰ ਦਾਲ ਸੀਧਾ ਦਿਤਾ। ਉਦੋਂ ਵੀ ਰਾਮ ਸਿੰਘ ਹੀ ਸਨ ਜਿਨ੍ਹਾਂ ਚੜਸ ਵਾਹੁੰਦਿਆਂ ਉਠ ਕੇ, ਘਰੋਂ ਜਾ, ਆਟਾ, ਦਾਲ, ਗੁੜ, ਦੁੱਧ ਲਿਆ ਸਾਧੂਆਂ ਅਗੇ ਰਖ ਦਿਤਾ ਸੀ।

ਪਰ ਹੁਣ ਰਾਮ ਸਿੰਘ ਜੀ ਗੁਰੂ ਸਨ, ਸਤਿਗੁਰੂ ਸਨ ਵਡੇ ਮਨੋਰਥ ਤੇ ਉੱਚੇ ਆਦਰਸ਼ ਨੂੰ ਪਰਣਾਏ ਹੋਏ। ਨਾਂਗੇ ਸਾਧੂਆਂ ਦੀ ਇਸ ਜਮਾਤ ਦੇ ਮਹੰਤ ਨੂੰ ਸੰਨਿਆਸ ਵਿਚੋਂ ਕੱਢ ਦੇਸ਼ ਲਈ ਸਮਰਪਣ ਦੇ ਰਾਹੇ ਪਾ ਦਿਤਾ। ਇਕ ਨੌਜਵਾਨ ਦੇ ਸਾਧੂ ਸਮਾਜ ਵਿਚ ਜੋ ਮਨਸੂਬੇ ਸਨ ਉਹ ਤਾਂ ਕੇਵਲ ਮਹੰਤੀ ਤਕ ਪਹੁੰਚਣ ਦੇ ਹੋ ਸਕਦੇ ਸਨ, ਪਰ ਸਤਿਗੁਰਾਂ ਨੇ ਉਸ ਨੂੰ ਬਹੁਤ ਵੱਡੀ, ਲੱਖਾਂ ਦੀ ਗਿਣਤੀ ਵਾਲੀ ਜਮਾਤ ਦਾ ਸ਼੍ਰੀ ਮਹੰਤ ਬਣਨ ਦਾ ਸੁਪਨਾ ਦੇ ਦਿਤਾ। ਇਸ ਮੌਕੇ ਸਤਿਗੁਰੂ ਜੀ, ਆਯੂ ਵਲੋਂ, ਚੁਤਾਲੀਆਂ ਦੇ ਸਨ ਤੇ ਉਨ੍ਹਾਂ ਦਾ ਸਨਿਆਸ ਛੱਡ ਸੇਵਕ ਬਣਿਆ ਬ੍ਰਹਮ ਸੁਧ ਅਥਵਾ ਸੁਤੇ ਪ੍ਰਕਾਸ਼ ਕੇਵਲ ਪੰਝੀ ਵਰ੍ਹਿਆਂ ਦਾ। ਸਤਿਗੁਰਾਂ ਦੇ ਤੇਜੱਸਵੀ ਮੁੱਖੜੇ ਅਤੇ ਵਿਸ਼ਵਾਸ ਯੁਕਤ ਬਾਣੀ ਨੇ ਨੌਜਵਾਨ ਨੂੰ ਮੋਹ ਲਿਆ। ਭਜਨ ਪੁਛ, ਅੰਮ੍ਰਿਤ ਛਕ, ਨਾਮਧਾਰੀ ਸਾਹਿਬ ਸਿੰਘ ਬਣ ਅਤੇ ਆਪਣੇ ਸਾਥੀਆਂ ਨੂੰ ਵੀ ਸਿੰਘ ਸਜਾ ਵਾਪਸ ਨਗਰ ਨੂੰ ਪਹੁੰਚ ਗਿਆ — ਬਰਮਾਲੀਪੁਰ, ਪਿਤਾ ਦਿਆਲ ਸਿੰਘ ਪਾਸ। ਇਹ ਸਾਲ ਸੀ 1859 ਈ:।

ਥੋੜੇ ਚਿਰ ਬਾਅਦ ਸਾਹਿਬ ਸਿੰਘ ਮੁੜ ਭੈਣੀ ਸਾਹਿਬ ਆ ਗਿਆ। ਉਸ ਨੂੰ ਪਿਤਾ ਨਾਲ ਪੁਸ਼ਤੈਨੀ ਕਾਰ ਵਿਚ ਕੋਈ ਦਿਲਚਸਪੀ ਨਹੀਂ ਸੀ। ਮਗਰਲੇ ਨੌਂ ਸਾਲਾ ਸਾਧ ਜੀਵਨ ਨੇ ਉਸ ਨੂੰ ਵਿਹਲੇ ਰਹਿਣ ਤੇ ਚੇਲਿਆਂ ਤੇ ਹਕੂਮਤ ਕਰਨ ਦੀ ਆਦਤ ਪਾ ਦਿਤੀ ਸੀ, ਉਹ ਆਪਣੇ ਘਰ ਕਿਵੇਂ ਠਹਿਰਦਾ ਜਿਥੇ ਪਿਤਾ ਦੀ ਸਰਦਾਰੀ ਸੀ।

ਉਸ ਨੇ ਗੁਰੂ ਰਾਮ ਸਿੰਘ ਜੀ ਨੂੰ ਆਣ ਆਖਿਆ : ਮੇਰਾ ਏਥੇ ਰਹਿਣ ਦਾ ਸੰਕਲਪ ਹੈ। ਮੈਂਸਾਂ ਚਾਰ ਲਿਆਇਆ ਕਰਾਂਗਾ। ਗੁਰੂ ਜੀ ਕਹਾ : ਚੰਗਾ। ਰਹਿਣੇ ਲਗਾ। ਸਤਿਗੁਰੂ ਜੀ ਬਚਨ ਕੀਤਾ : ਪਹਿਲਾਂ ਮੈਂ ਹੱਥੀਂ ਸੇਵਾ ਕਰਦਾ ਹੁੰਦਾ ਸਾਂ ਜਾਂ ਮੈਂ ਅੱਠ ਬਰਸ ਦਾ ਸੀ ਤਾਂ ਮੈਂ ਮੈਂਸਾਂ ਚਾਰਨ ਜਾਂਦਾ ਹੁੰਦਾ ਸੀ। ਮੈਂ ਆਪਣੀ ਹੱਥੀਂ ਸੇਵਾ ਕੀਤੀ ਹੈ ਤਾਂ ਅੱਗੇ ਹੁਣ ਸੇਵਾ ਕਰਨ ਵਾਲੇ ਹਾਜਰ ਆਣ ਹੋਏ ਹੈਂ।*

ਇਸ ਵੇਲੇ ਤਕ ਭੈਣੀ ਸਾਹਿਬ ਵਿਚ ੨੦-੨੫ ਸਿੰਘਾਂ ਦਾ ਮੁਸਤਕਿਲ ਡੇਰਾ ਹੋ ਗਿਆ ਸੀ। ਗੁਰੂ ਕਾ ਲੰਗਰ ਦੋ ਵੇਲੇ ਤਿਆਰ ਹੁੰਦਾ ਅਤੇ ਅੱਠੇ ਪਹਿਰ ਲੋੜਵੰਦਾਂ ਨੂੰ ਪ੍ਰਾਪਤ ਹੋ ਜਾਂਦਾ ਸੀ। ਡੇਰੇ ਨਾਲ ਸੰਬੰਧਤ ਕੰਮਾਂ ਨੂੰ ਏਥੇ ਰਹਿਣ ਵਾਲੇ ਸਰੀਰ ਭੁਗਤਾਂਦੇ। ਇਸ ਨਵੇਂ ਤੀਰਥ ਦੀ ਯਾਤਰਾ ਨੂੰ ਵੀ ਲੋਕ ਆਉਣ ਲਗ ਪਏ ਸਨ। ਪਿਛਲੇ ਦੋ ਢਾਈ ਸਾਲ ਵਿਚ ਗੁਰੂ ਰਾਮ ਸਿੰਘ ਜੀ ਦਾ ਪੁੰਨ-ਪਰਤਾਪ ਕਾਫ਼ੀ ਵਿਕਾਸ ਕਰ ਗਿਆ ਸੀ। ਆਮਦਨ ਦੇ ਵਸੀਲੇ ਵੀ ਵਧ ਗਏ ਸਨ। ਲੋਕ ਆਉਂਦੇ, ਸਤਿਗੁਰੂ ਜੀ ਨੂੰ ਮੱਥੇ ਟੇਕਦੇ, ਲੰਗਰ ਲਈ ਅੰਨ ਧਨ ਅਰਪਣ ਕਰਦੇ ਅਤੇ ਮੁੜ ਸੁਤੰਤਰ ਹੋ ਸਕਣ ਦੇ ਅਰਮਾਨਾਂ ਨਾਲ ਵਾਪਸ ਜਾਂਦੇ।

* ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।



Sri Satguru Jagjit Singh Ji eLibrary NamdhariElibrary@gmail.com

## ਜ਼ਿੰਮੇਵਾਰੀ

ਮਨੋਵਿਗਿਆਨ ਸਤਿਗੁਰਾਂ ਦਾ ਸੁਭਾਵਕ ਗੁਣ ਹੁੰਦਾ ਹੈ। ਜਿੰਨਾ ਵਧੇਰੇ ਮਨੁੱਖਾਂ ਨਾਲ ਵਾਹ ਪੈਂਦਾ ਹੈ ਓਨਾ ਹੀ ਮਨੁੱਖਾ ਸੁਭਾਉ ਦੀ ਪਛਾਣ ਗਹਿਰੀ ਹੁੰਦੀ ਚਲੀ ਜਾਂਦੀ ਹੈ। ਸੋ ਹਰ ਕਿਸੇ ਨੂੰ ਉਹਦੀ ਯੋਗਤਾ ਅਨੁਸਾਰ ਕੰਮ ਦੇਣਾ ਉਨ੍ਹਾਂ ਦੀ ਸਹਿਜ ਕ੍ਰਿਆ ਹੋ ਜਾਂਦੀ ਹੈ। ਸਾਹਿਬ ਸਿੰਘ ਬਾਰੇ ਵੀ ਉਨ੍ਹਾਂ ਜਾਣ ਲਿਆ ਕਿ ਜੋ ਆਦਮੀ ਘਰ ਦਾ ਰੰਬਾ-ਦਾਤਰੀ ਚੰਡਣਾ ਨਹੀਂ ਕਰ ਸਕਿਆ ਉਹ ਡੇਰੇ ਦੇ ਮੰਡੂ ਕਿਵੇਂ ਚਾਰੂ! ਉਸ ਨੂੰ ਗੁਰੂ ਰਾਮ ਸਿੰਘ ਜੀ ਨੇ ਦੁਕਾਨਦਾਰੀ ਦੀ ਲਿਖਤ-ਪੜ੍ਹਤ ਦੇ ਦਿਤੀ। ਡੇਰੇ ਦੀ ਦੁਕਾਨ-ਦਾਰੀ ਦਾ ਅਰਥ ਸੀ ਸੰਬੰਧਤ ਲੋਕਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਰਸਤ ਬਸਤ ਦੇਣਾ। ਪਹਿਲਾਂ ਪਹਿਲਾਂ ਦੁਕਾਨਦਾਰੀ ਲੋਕਾਂ ਵਾਸਤੇ ਸੀ ਹੁਣ ਇਹ ਸਾਧ ਸੰਗਤ ਵਾਲੇ ਪਾਸੇ ਝੁਕਾਉ ਰਖਦੀ ਸੀ। ਇਸ ਦੇ ਨਾਲ ਹੀ ਡੇਰੇ ਵਿਚ ਰਹਿਣ ਵਾਲੇ ਇਸਤਰੀ ਪੁਰਸ਼ਾਂ ਨੂੰ ਸਾਹਿਬ ਸਿਘ ਜੀ ਨੇ ਗੁਰਮੁਖੀ ਅੱਖਰ ਸਿਖਾਣੇ ਤੇ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਦੀ ਜਾਚ ਦੱਸਣੀ ਸੀ।

ਆਪਣੀ ਸਹਿਜ ਸਿਆਣਪ ਨਾਲ ਅੰਮ੍ਰਿਤਸਰੀਏ ਜੁਆਨ ਨੇ ਡੇਰੇ ਵਾਲੇ ਸੇਵਕਾਂ ਦੇ ਮਨ ਮੋਹ ਲਏ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਆਤਮੀਅਤਾ ਵੀ ਜਿੱਤ ਲਈ। ਸਤਿਗੁਰੂ ਇਸ ਬਣਦੇ ਫਬਦੇ ਨੌਜਵਾਨ ਨੂੰ ਵਧੇਰੇ ਸਮਾਂ ਆਪਣੇ ਨਾਲ ਰਖਦੇ। ਸਤਿਗੁਰੂ ਜੀ ਨੇ ਹੁਣ ਤਕ ਪਹਿਰਾਵੇ ਦੀ ਕਾਤਰ-ਵੇਤਰ, ਪੈਰੀਂ ਪਾਣ ਵਾਲੇ ਪਉਦਿਆਂ ਦੀ ਬਣਤਰ, ਉੱਨ ਦੀ ਮਾਲਾ ਦੀਆਂ ਗੰਢਾਂ, ਆਸਣ ਅਤੇ ਗੜਵੇ ਆਦਿ ਦੀ ਤਜਵੀਜ਼ ਅਮਲ ਵਿਚ ਲੈ ਆਂਦੀ ਸੀ। ਸਾਹਿਬ ਸਿੰਘ ਜੀ ਨਾਮਧਾਰੀ ਪਹਿਰਾਵੇ ਵਿਚ ਖ਼ੂਬ ਬਣਦੇ-ਸਜਦੇ। ਸਤਿਗੁਰੂ ਜੀ ਦੇ ਨਾਲ ਨਾਲ ਚਲਦੇ ਸਤਿਗੁਰੂ ਜੀ ਪਾਸੋਂ ਜੀਵਨ ਜਾਚ ਵੀ ਸਿਖਦੇ ਰਹਿੰਦੇ। ਸਤਿਗੁਰੂ ਵੀ ਉਸ ਨਾਲ ਸਲਾਹ ਮਸ਼ਵਰੇ ਕਰ ਉਸ ਨੂੰ ਮਾਣ ਦੇ, ਹੌਸਲਾ ਵਧਾਂਦੇ।

## ਸਮਰਪਣ

ਕਰਦਿਆਂ ਕਰਾਂਦਿਆਂ ਦੋ ਸਾਲ ਬੀਤ ਗਏ। 1861 ਈ: ਤਕ ਸਿੱਖੀ ਸੇਵਕੀ ਦਾ ਘੇਰਾ ਪਹਿਲਾਂ ਨਾਲੋਂ ਵੱਧ ਵਿਸਤਾਰ ਕਰ ਗਿਆ। ਸਾਹਿਬ ਸਿੰਘ ਵੀ ਪ੍ਰਤੀਤ ਕਰਨ ਲਗਾ ਕਿ ਉਹੋ ਹੀ ਸਤਿਗੁਰੂ ਜੀ ਤੋਂ ਉਤਰ ਕੇ ਡੇਰੇ ਦਾ ਪ੍ਰਮੁਖ ਵਿਅਕਤੀ ਹੈ। ਹੁਣ ਉਸ ਨੂੰ ਆਪਣਾ ਸਾਧ ਪੁਣਾ ਛੱਡਣਾ ਯੋਗ ਹੀ ਜਾਪਣ ਲਗਾ। ਵਡੇਰੀ ਮਹੱਤੀ ਨਜ਼ਦੀਕ ਆਉਂਦੀ ਦਿਸਦੀ ਸੀ।

ਅਪਰੈਲ 1861 ਵਿਚ ਹਰਿਦੁਆਰ ਅਧ-ਕੁੰਭੀ ਦਾ ਮੇਲਾ ਆ ਗਿਆ। ਵੈਸਾਖੀ ਦੇ ਅਸ਼ਨਾਨ ਲਈ ਹਜ਼ਾਰਾਂ ਲੋਕਾਂ ਨੇ ਹਰਿਦੁਆਰ ਜਾਣਾ ਸੀ। ਭੈਣੀ ਸਾਹਿਬ ਵਿਚ ਸਤਿਗੁਰੂ ਰਾਮ ਸਿੰਘ ਜੀ ਵੀ ਅਧ-ਕੁੰਭੀ ਦੇ ਮੇਲੇ ਤੇ ਜਾਣ ਦਾ ਪ੍ਰੋਗਰਾਮ ਬਣਾ ਲਿਆ। ਦੂਰ ਨੇੜੇ ਦੇ ਇਲਾਕਿਆਂ ਨੂੰ ਖ਼ਬਰਾਂ ਭੇਜ ਦਿਤੀਆਂ ਗਈਆਂ, ਸਤਿਗੁਰਾਂ ਦੇ ਹਰਿਦੁਆਰ ਜਾਣ ਦੀਆਂ। ਮਨੋਰਥ ਸੀ : ਲੋਕਾਂ ਵਿਚ ਧਰਮ ਪਰਚਾਰ ਜਾਂ ਹਰਿਦੁਆਰ ਦੇ ਡੇਰਿਆਂ



Sri Satguru Jagjit Singh Ji eLibrary NamdhariElibrary@gmail.com

ਅਤੇ ਮੇਲੇ ਦਾ ਵਰਤ ਵਿਹਾਰ ਜਾਣਨਾ।

ਗੁਰੂ ਕਾ ਸਾਰਾ ਪਰਵਾਰ ਵੀ ਤੇ ਸਾਹਿਬ ਸਿੰਘ ਜੀ ਵੀ ਵੈਸਾਖੀ ਤੋਂ ਕੁਝ ਦਿਨ ਪਹਿਲਾਂ ਸਤਿਗੁਰੂ ਜੀ ਦੇ ਵਹੀਰ ਨਾਲ ਚਲੇ।

ਭੈਣੀ ਸਾਹਿਬੋਂ ਚਲ ਖੰਨੇ, ਬਾੜੇ, ਅੰਬਾਲੇ ਆਦਿ ਥਾਈਂ ਪੜਾਅ ਕਰਦਾ ਇਹ ਵਹੀਰ ਹਰਿਦੁਆਰ ਪਹੁੰਚ ਗਿਆ। ਇਕ ਦਿਨ ਰਾਹ ਵਿਚ ਕਿਤੇ ਰੜੇ ਹੀ ਡੇਰਾ ਕਰਨਾ ਪਿਆ। ਰਾਤੀਂ ਮੀਂਹ, ਹਨੇਰੀ ਤੇ ਗੜੇ ਦਾ ਕਹਿਰ ਆ ਝੁਲਿਆ। ਸਿੱਖਾਂ ਨੇ ਸਤਿਗੁਰਾਂ ਨੂੰ ਅਰਜ਼ ਕੀਤੀ : ਕੋਈ ਕਰਾਮਾਤ ਵਖਾਓ, ਹੁਣ ਤਾਂ ਬੁਰਾ ਹਾਲ ਹੈ। ਭਿੱਜਦੇ, ਠੁਠਰਦੇ ਸਿੱਖਾਂ ਸਿਖਣੀਆਂ ਨੂੰ "ਗੁਰੂ ਜੀ ਬਚਨ ਕੀਤਾ : ਜਿਸ ਜਿਸ ਨੇ ਭਜਨ ਬਾਣੀ ਪੜ੍ਹੀ ਹੈ ਸਭ ਫਲ ਦੇਵੋ ਜੁ ਗੜਾ ਬੰਦ ਹੋਵੇ। ਸਿੰਘਾਂ ਨੇ ਆਪੋ ਆਪਣੀ ਭਜਨ ਬੰਦਗੀ ਦਾ ਫਲ ਦੇ ਦਿਤਾ। ਕਿਸੇ ਨੇ ਮਾਲਾ ਕਿਸੇ ਨੇ ਬਾਣੀ ਕਾ ਫਲ ਦਿਤਾ। ਸਾਹਿਬ ਸਿੰਘ ਜੀ ਕਹਾ ਕਿ : ਜੀ ਜਿਤਨਾ ਚਿਰ ਮੈਂ ਜਿਉਂਦਾ ਰਹਾਂ, ਜਿਤਨਾ ਭਜਨ ਬਾਣੀ ਕਰਾਂ ਸੋ ਸਭ ਕਾ ਫਲ ਤੁਹਾਨੂੰ ਦੇ ਦਿਤਾ ਹੈ। ਉਸੇ ਵਕਤ ਬਾਰਸ਼ ਬੰਦ ਹੋ ਗਈ।"*

ਸਭ ਨੇ ਕਰਾਮਾਤ ਵੇਖ ਲਈ ਨਾਲ ਹੀ ਜੁ ਇਸ ਕਰਾਮਾਤ ਵਿਚ ਸਭਨਾਂ ਸੰਗੀਆਂ ਦਾ ਭਾਗ ਪੁਆਇਆ ਇਸ ਦਾ ਅਨੁਭਵ ਵੀ ਕਰ ਲਿਆ। ਸਾਹਿਬ ਸਿੰਘ ਜੀ ਦਾ ਸਮਰਪਣ ਸਿਖਰ ਦਾ ਸੀ। ਅਜਿਹਾ ਸਮਰਪਣ ਹੀ ਸਤਿਗੁਰੂ ਦੀ ਜ਼ਰੂਰਤ ਹੁੰਦਾ ਹੈ। ਸਤਿਗੁਰੂ ਪਾਸ ਜੋ ਆਪਾ ਤਿਆਗਦਾ ਹੈ ਉਹ ਸਭ ਕੁਝ ਹੀ ਪ੍ਰਾਪਤ ਕਰ ਲੈਂਦਾ ਹੈ। ਅਜਿਹੇ ਆਖੇ ਸ਼ਬਦਾਂ ਦਾ ਮੁੱਲ ਸਤਿਗੁਰੂ ਹੀ ਤਾਰਨ ਯੋਗ ਹੁੰਦਾ ਹੈ।

## ਸਮਾਨਤਾ

ਸਤਿਗੁਰੂ ਜੀ ਆਪਣੇ ਵਹੀਰ ਨਾਲ, ਜਿਸ ਵਿਚ ਹਰਿਦੁਆਰ ਵਿਖੇ ਹੋਰ ਵੀ ਵੱਡਾ ਵਾਧਾ ਹੋ ਗਿਆ, ਕੁਝ ਦਿਨ ਹਰਿਦੁਆਰ ਬਿਤਾ, ਵੈਸਾਖੀ ਅਸ਼ਨਾਨ ਕਰ, ਜਦੋਂ ਵਾਪਸੀ ਲਈ ਚਲੇ ਤਾਂ ਇਕ ਉਤਾਰਾ ਮੁੜ ਬਾੜੇ ਦੇ ਸਥਾਨ ਤੇ ਕੀਤਾ। ਏਥੇ ਸਤਿਗੁਰੂ ਜੀ ਨੇ ਸਾਰੀ ਉਮਰ ਦੀ ਭਜਨ ਬੰਦਗੀ ਦਾ ਫਲ ਦੇਣ ਵਾਲੇ ਸਾਹਿਬ ਸਿੰਘ ਨੂੰ ਸੰਕੇਤ ਰੂਪ ਵਿਚ ਆਪਣੇ ਵਲੋਂ ਸਭ ਕੁਝ ਦੇ ਦਿਤਾ। ਏਥੋਂ ਦੇ ਰੱਕੜ ਵਿਚ, ਪਲਾਹ ਦੇ ਅੱਗ-ਰੰਗੇ ਫੁੱਲ ਖਿੜ-ਖਿੜ ਪਾਂਧੀ ਰਾਹੀ ਨੂੰ ਆਪਣੇ ਵਲ ਬੁਲਾ ਰਹੇ ਸਨ। ਗੁਰੂ ਰਾਮ ਸਿੰਘ ਜੀ ਵੀ ਪਲਾਹਾਂ ਪਾਸ ਪਹੁੰਚੇ ਅਤੇ ਗੂੜ੍ਹੇ ਸੰਧੂਰੀ ਰੰਗੇ ਕੇਸੂ ਦੇ ਫੁੱਲ ਤੋੜ ਲਿਆਏ। ਬਾਬਾ ਸੰਤੋਖ ਸਿੰਘ 'ਸਤਿਗੁਰੂ ਬਿਲਾਸ' ਵਿਚ ਲਿਖਦੇ ਹਨ : "ਗੱਡਾ ਸੜਕ ਪਰ ਖੜਾ ਕਰਕੇ ਆਪ ਗੁਰੂ ਜੀ ਖੂਹ ਪਰ ਜਾਇ ਕੇ ਕੇਸੂ ਪਾਣੀ ਮੈ ਭਿਉਂ ਦਿਤੇ। ਇਕ ਆਪਣੀ ਦਸਤਾਰ ਇਕ ਬਾਬੇ ਸਾਹਿਬ ਸਿੰਘ ਕੀ ਰਗੀ।" ਜਦੋਂ ਇਹ ਜੋਗੀਆ ਦਸਤਾਰਾਂ ਕੇਵਲ ਸਤਿਗੁਰੂ ਜੀ ਅਤੇ ਸਾਹਿਬ ਸਿੰਘ ਜੀ ਦੇ ਸਿਰ ਤੇ ਹੀ ਸੋਭ ਰਹੀਆਂ ਸਨ — ਇਸ ਦੇ ਅਰਥ ਸਭ ਨੂੰ ਸਮਝ ਆ ਰਹੇ ਸਨ। ਇਸ ਸੁਖ ਦਾ ਅੰਦਾਜ਼ ਸਾਹਿਬ ਸਿੰਘ ਜੀ ਹੀ ਲਗਾ ਸਕਦੇ ਸਨ। ਉਹ ਆਪਣੇ ਆਪ ਨੂੰ ਦੂਜਿਆਂ ਸਭ ਤੋਂ ਉੱਚਾ-ਉੱਚਾ ਤੇ ਵੱਡਾ-ਵੱਡਾ ਮਹਿਸੂਸ

* ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।



Sri Satguru Jagjit Singh Ji eLibrary NamdhariElibrary@gmail.com

ਰਹੇ ਸੀ। ਸਤਿਗੁਰੂ ਆਪਣੇ ਵਲ ਇਨ੍ਹਾਂ ਦੀ ਵਡੇਰੀ ਪਹੁੰਚ ਵੇਖ ਕੇ ਹੀ ਆਪਣੇ ਜਿਹਾ ਬਣਾਣਾ ਸੋਚ ਰਹੇ ਸਨ।

## ਮੁਨਾਸਬ ਜਵਾਬ

ਭੈਣੀ ਸਾਹਿਬ ਕੇਂਦਰ ਵਿਚ ਰਹਿਣ ਕਾਰਨ ਬਹੁਤ ਲੋਕਾਂ ਨਾਲ ਸਾਹਿਬ ਸਿੰਘ ਜੀ ਦਾ ਵਾਹ ਪੈਂਦਾ ਸੀ। ਉਨ੍ਹਾਂ ਨੂੰ ਆਪਣੀ ਬੁੱਧ ਦੀ ਪ੍ਰਖਰਤਾ ਵਿਕਾਸ ਕਰਦੀ ਜਾਪਦੀ। ਹਰ ਮਸਲੇ, ਹਰ ਗੱਲ ਦਾ ਉੱਤਰ ਫ਼ੌਰਨ ਸੁਝ ਪੈਂਦਾ। ਇਸ ਨਾਲ ਸਤਿਗੁਰੂ ਜੀ ਦੀ ਸੁਤੇ ਸਹਾਇਤਾ ਹੋ ਜਾਂਦੀ। ਸਤਿਗੁਰੂ ਵੀ ਇਸ ਦੀ ਯੋਗਤਾ ਦੀ ਲੋੜੀਂਦੇ ਸਮੇਂ ਵਰਤੋਂ ਕਰਦੇ।

"ਏਕ ਬ੍ਰਾਹਮਣ ਤ੍ਰਾਂਸੀ ਥੀ ਆਇਆ। ਸਾਰਾ ਦਿਨ ਬੈਠਾ ਦੇਖਦਾ ਰਹੇ। ਜਿਹੜਾ ਸਿੰਘ ਮਦਾਨੇ ਜਾਵੇ ਸਾਰੇ ਬਸਤਰ ਕਪੜੇ ਉਤਾਰ ਕੇ ਜਾਵੇ। ਆਇ ਕੇ ਸਣੇ ਕੇਸੀਂ ਇਸ਼ਨਾਨ ਕਰਨਾ। ਜਿਹੜਾ ਪਰਨਾ ਨਾਲ ਲੈ ਜਾਵਣ ਸੋ ਧੋਇ ਲੈਣਾ। ਬ੍ਰਾਹਮਣ ਨੇ ਕਿਹਾ: ਬ੍ਰਾਹਮਣਾਂ ਕੇ ਕਰਮ ਸੂਦਰ ਵੈਸ਼ ਕਰਦੇ ਹੈਨ। ਬਾਬੇ ਸਾਹਿਬ ਸਿੰਘ ਬੋਲਾ ਕੀਤਾ: ਪੰਡਿਤ ਜੀ, ਤੁਸੀਂ ਗੁੱਸਾ ਕਿਉਂ ਕਰਦੇ ਹੋ। ਅਸੀਂ ਜੋਰ ਨਾਲ ਨਹੀਂ ਲਈ ਹੈ। ਅਸਾਂ ਤਾਂ (ਮਰਿਆਦਾ) ਡਿੱਗੀ ਪਈ ਚੁੱਕੀ ਹੈ। ਨਿਰਾਦਰ ਹੁੰਦਾ ਦੇਖ ਕੇ ਅਸਾਂ ਆਦਰ ਕੀਤਾ ਹੈ।"*

## ਦੂਰ ਨੇੜੇ ਦਾ ਫ਼ਰਕ

ਸਤਿਗੁਰੂ ਜੀ ਨਾਲ ਅੱਠੇ ਪਹਿਰ ਰਹਿਣ ਕਾਰਨ ਸਾਹਿਬ ਸਿੰਘ ਜੀ ਅਨੇਕਾਂ ਕੌਤਕ ਵੇਖਦੇ। ਕੌਤਕ ਜਿਨ੍ਹਾਂ ਨੂੰ ਅਜ ਕਲ੍ਹ ਸੁਪਰਨੈਚੁਰਲ ਮੰਨਿਆ ਜਾਂਦਾ ਹੈ। ਸਤਿਗੁਰੂ ਜੀ ਦੇ ਹਰ ਵਰਤਾਰੇ ਦੇ ਸਾਹਿਬ ਸਿੰਘ ਜੀ ਆਪਣੇ ਮਨ ਵਿਚ ਅਰਥ ਵੀ ਕਢਦੇ ਰਹਿੰਦੇ। ਕਈ ਵਾਰ ਜਗਿਆਸਾ ਵੱਸ ਪੁੱਛ ਵੀ ਲੈਂਦੇ। ਇਕ ਵਾਰ ਸਾਹਿਬ ਸਿੰਘ ਜੀ ਨੇ ਇਕ ਪ੍ਰਸ਼ਨ ਪੁੱਛਿਆ:

"ਜੀ ਦੂਰੋਂ ਆਵਣ ਵਾਲੇ ਕਾ ਅਤੇ ਨੇੜੇ ਰਹਿਣ ਵਾਲੇ ਕਾ ਕਿਤਨਾ ਕੁ ਫ਼ਰਕ ਹੈ?"

"ਸ੍ਰੀ ਸਤਿਗੁਰੂ ਜੀ ਬਚਨ ਕੀਤਾ: ਚਿੱਚੜ ਥਣਾਂ ਦੇ ਕੋਲ ਹੀ ਹੁੰਦਾ ਹੈ। ਅਤੇ ਵੱਛਾ ਕਿੱਲੇ ਨਾਲੋਂ ਖੁੱਲ੍ਹ ਕੇ ਜਾਂਦਾ ਹੈ, ਉਹ ਦੁੱਧ ਪੀਂਦਾ ਹੈ, ਚਿੱਚੜ ਲਹੂ ਕੋ ਪੀਂਦਾ ਹੈ। ਏਸੇ ਤਰ੍ਹਾਂ ਨੇੜੇ ਵਾਲਾ ਬਿਨਾ ਸ਼ਰਧਾ ਹੋਵੇ ਸੋ ਕਿਸੇ ਕੰਮ ਦਾ ਨਹੀਂ।"**

ਸਤਿਗੁਰੂ ਜੀ ਨੇ ਮਿਸਾਲ ਦੇ ਕੇ ਬੜੇ ਪਤੇ ਦੀ ਗੱਲ ਦੱਸ ਦਿਤੀ ਸੀ। ਇਸ ਮੌਕੇ ਸਾਹਿਬ ਸਿੰਘ ਜੀ ਅੰਦਰ ਜੋ ਹਉਂ ਬਣੀ ਬੈਠੀ ਸੀ, ਉਹ ਏਨੇ ਤੇ ਹੀ ਤਸੱਲੀ ਵਿਚ ਨਾ

* ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ

** ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।



Sri Satguru Jagjit Singh Ji eLibrary NamdhariElibrary@gmail.com

ਹੋਈ । ਆਪਣਾ ਮੁੱਲ ਅੰਗਵਾਣ ਲਈ ਸਾਹਿਬ ਸਿੰਘ ਜੀ ਮੁੜ ਕਿਹਾ : ਅਸੀਂ ਕੋਲ ਰਹਿੰਦੇ ਹਾਂ, ਸਾਡਾ ਕੀ ਹਾਲ ? ਅਗੋਂ ਸਤਿਗੁਰੂ ਨੂੰ ਕੌਣ ਸਿਖਾਵੇ ਤੇ ਕੀਹਦਾ ਲਿਹਾਜ਼ ? ਉੱਤਰ ਮਿਲਿਆ : ਤੁਸੀਂ ਜਾਣੋ ।

## ਸੱਚਾ ਪ੍ਰੇਮ

ਸਤਿਗੁਰੂਆਂ ਦੀ ਨਿਕਟਤਾ ਵਿਚ ਆਏ ਕਈ ਸੇਵਕ ਜੀਵਨ ਦੇ ਆਮ ਵਰਤਾਰੇ ਨੂੰ ਅਖੋਂ ਪਰੋਖਾ ਕਰ, ਜਗਿਆਸਾ ਵੱਸ ਜਾਂ ਆਪਣੀ ਨਿਸ਼ਠਾ ਜਤਲਾਣ ਲਈ ਅਜਿਹੇ ਸਵਾਲ ਪੁੱਛਦੇ-ਕਰਦੇ ਰਹਿੰਦੇ ਹਨ ਜਿਨ੍ਹਾਂ ਤੋਂ ਉਨ੍ਹਾਂ ਦੇ ਨਿਜ ਦਾ ਸਨੇਹ ਜਾਂ ਸਮਝ ਦੀ ਝਲਕ ਸੁਆਮੀ ਤਕ ਪੁੱਜਦੀ ਰਹੇ । ਕਈ ਵਾਰ ਪ੍ਰਸ਼ਨ ਬੜੇ ਯੋਗ ਅਤੇ ਦੂਜਿਆਂ ਦੀ ਮਦਦ ਕਰਨ ਵਾਲੇ ਹੁੰਦੇ ਹਨ, ਪਰ ਕਈ ਵਾਰ ਤਾਂ ਪ੍ਰਸ਼ਨ ਕਰਤਾ ਦਾ ਹੀ ਦਿਵਾਲਾ ਕਢ ਦਿੰਦੇ ਹਨ ।

ਸਾਹਿਬ ਸਿੰਘ ਜੀ ਨੂੰ ਗੁਰਬਾਣੀ ਦੇ ਪਠਨ ਪਾਠਨ ਬਿਨਾਂ ਹੋਰ ਕੁਝ ਜਚਦਾ ਨਹੀਂ ਸੀ । ਇਕ ਦਿਨ ਉਨ੍ਹਾਂ "ਅਰਜ਼ ਕੀਤੀ : ਜੀ ਲੋਕ ਹੀਰ ਰਾਂਝਾ ਬਹੁਤ ਪੜ੍ਹਦੇ ਸੁਣਦੇ ਹੈਂ । ਦੀਨਾ ਨਾਥ ਜੀ ਬਚਨ ਕੀਤਾ : ਉਨ੍ਹਾਂ ਦੀ ਸੱਚੀ ਆਸ਼ਕੀ ਸੀ । ਉਨ੍ਹਾਂ ਵਰਗਾ ਕਲੂ ਕਾਲ ਵਿਚ ਕੋਈ ਨਹੀਂ ਹੈ ।"*

ਸਾਹਿਬ ਸਿੰਘ ਜੀ ਦੇ ਸਵਾਲ ਨੇ ਸਤਿਗੁਰੂ ਜੀ ਦੀ ਪ੍ਰੇਮੀਆਂ ਬਾਰੇ ਪਹੁੰਚ ਨੂੰ ਸਪੱਸ਼ਟ ਕਰ ਦਿਤਾ ਹੈ ।

## ਪਰਚਾਰ

1861 ਈ: ਦੀ ਅਧ-ਕੁੰਭੀ, ਹਰਿਦੁਆਰ ਤੋਂ ਮੁੜਦੀ ਵਾਰ ਸਤਿਗੁਰੂ ਰਾਮ ਸਿੰਘ ਜੀ ਅਜਿਹਾ ਵਿਸ਼ਵਾਸ ਲੈ ਕੇ ਆਏ ਕਿ ਆਮ ਲੋਕ ਅਨ੍ਹੇਰੇ ਅਤੇ ਜਹਾਲਤ ਵਿਚ ਏਨੇ ਗ੍ਰਸੇ ਹੋਏ ਹਨ ਕਿ ਹਰ ਪਾਖੰਡ ਸਾਹਮਣੇ ਨਮਸਕਾਰਾਂ ਕਰਨ ਲਗ ਜਾਂਦੇ ਹਨ । ਇਸ ਮੌਕੇ ਆਪ ਨੇ ਪੰਜਾਬ ਦੇ ਵਖ ਵਖ ਖੇਤਰਾਂ ਵਿਚ ਦੌਰੇ ਕਰਨ ਦਾ ਪ੍ਰੋਗਰਾਮ ਬਣਾਇਆ । ਇਹੋ ਉਹ ਵੇਲਾ ਸੀ ਜਿਸ ਵੇਲੇ ਸਾਹਿਬ ਸਿੰਘ ਜੀ ਆਪ ਨਾਲ ਜ਼ਿਲਾ ਜਲੰਧਰ ਅਤੇ ਮਾਲਵੇ ਦੇ ਦੌਰਿਆਂ ਲਈ ਨਿਕਲੇ । ਮਾਘੀ ਮੁਕਤਸਰ ਤੇ ਗਿਆਂ ਸਾਹਿਬ ਸਿੰਘ ਜੀ ਨੇ ਵੇਖ ਲਿਆ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਅਤੇ ਬਚਨਾਂ ਵਿਚ ਅਜਿਹੀ ਖਿੱਚ ਹੈ ਕਿ ਹਜ਼ਾਰਾਂ ਲੋਕ ਮੰਤਰ ਮੁਗਧ ਹੋਏ ਰਹਿੰਦੇ ਹਨ । ਕਸੂਤੇ ਬੰਦਿਆਂ ਨੂੰ ਕਾਮੜੇ ਨਾਲ ਸੋਧਣ ਤਕ ਵੀ ਕਦੇ ਕਦੇ ਇਹ ਸ਼ਕਤੀ ਚਲੀ ਜਾਂਦੀ । ਇਹ ਵੀ ਜਾਂਚਿਆ ਗਿਆ ਕਿ ਗੋਰਿਆਂ ਦੀ ਸਰਕਾਰ ਦੇ ਅੰਦਰ ਇਕ ਹੋਰ ਸਰਕਾਰ ਵੀ ਵਜੂਦ ਰਖਦੀ ਹੈ ਅਤੇ ਸਾਹਿਬ ਸਿੰਘ ਜੀ ਨੇ, ਪੜ੍ਹੇ ਹੋਏ ਗੁਰੂਆਂ ਦੇ ਇਤਿਹਾਸ ਨੂੰ ਵੀ ਗੁਰੂ ਰਾਮ ਸਿੰਘ ਜੀ ਅਤੇ ਸਿੱਖਾਂ ਦੇ ਸੰਬੰਧ ਵਿਚ ਜਿਉਂਦੇ ਤੱਕਿਆ ।

1862 ਈ: ਦੇ ਪਰਚਾਰ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਸਾਹਿਬ ਸਿੰਘ ਜੀ ਦੀ ਯੋਗਤਾ ਨੂੰ ਮੁਖ ਰਖ ਭੈਣੀ ਸਾਹਿਬ ਦਾ ਇਨਚਾਰਜ ਬਣਾ ਗਏ । ਏਥੇ ਕੋਈ ਜ਼ਰੂਰ

* ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ ।



Sri Satguru Jagjit Singh Ji eLibrary NamdhariElibrary@gmail.com

ਅਜਿਹਾ ਵਿਅਕਤੀ ਚਾਹੀਦਾ ਸੀ ਜੁ ਗੁਰੂ ਰਾਮ ਸਿੰਘ ਜੀ ਦੇ ਆਦਰਸ਼ਾਂ ਦਾ ਪ੍ਰਚਾਰ-ਪਰਸਾਰ ਵੀ ਕਰਦਾ ਰਹੇ ਅਤੇ ਲੰਗਰ ਦਾ ਪ੍ਰਬੰਧ ਜਾਰੀ ਰਖਦਾ, ਆਏ ਗਏ ਦੀ ਸੇਵਾ ਤੇ ਡੇਰੇ ਦੇ ਪਸ਼ੂ ਧਨ ਦੀ ਵੀ ਨਿਗਰਾਨੀ ਰਖੇ। ਗੁਰੂ ਹਰੀ ਸਿੰਘ (ਸਤਿਗੁਰੂ ਜੀ ਦੇ ਛੋਟੇ ਭਾਈ) ਜੁ ਉਸ ਵੇਲੇ ਬੁੱਧ ਸਿੰਘ ਨਾਂ ਨਾਲ ਘਰ ਵਿਚ ਆਪਣਾ ਹੀ ਕਿਰਤ ਵਿਰਤ ਦਾ ਕੰਮ ਕਰਦੇ ਸਨ, ਉਹ ਡੇਰੇ ਨਾਲ ਕੋਈ ਸੰਬੰਧ ਨਹੀਂ ਸੀ ਰਖਦੇ। ਸੰਕੇਤ ਰੂਪ ਵਿਚ ਅਧ-ਕੁੰਭੀ ਦੇ ਮੇਲੇ ਤੇ ਸਤਿਗੁਰੂ ਜੀ ਬੁੱਧ ਸਿੰਘ ਜੀ ਨੂੰ ਬੇਸ਼ਕ ਵਡੇਰੀਆਂ ਜ਼ਿਮੇਵਾਰੀਆਂ ਦੇ ਯੋਗ ਦਰਸਾ ਆਏ ਸਨ, ਪਰ ਜਿਵੇਂ ਅਜੇ ਉਨ੍ਹਾਂ ਲਈ ਯੋਗ ਸਮਾਂ ਨਹੀਂ ਸੀ ਆਇਆ!

ਇਕ ਮੁਨਾਸਬ ਆਦਮੀ ਦੇ ਹਵਾਲੇ ਭੈਣੀ ਸਾਹਿਬ ਡੇਰੇ ਦਾ ਪ੍ਰਬੰਧ ਕਰ ਸਤਿਗੁਰੂ ਰਾਮ ਸਿੰਘ ਜੀ ਜ਼ਿਲਾ ਜਲੰਧਰ, ਜ਼ਿਲਾ ਅੰਮ੍ਰਿਤਸਰ, ਵਜ਼ੀਰਾਬਾਦ ਦੇ ਇਲਾਕੇ ਵਿਚ ਦਰਸ਼ਨ ਦਿੰਦੇ, ਦੋ ਵੇਲੇ ਦੇ ਦੀਵਾਨ ਸਜਾਂਦੇ, ਨਾਮਧਾਰੀ ਸਮਾਜ ਵਿਚ ਨਵੇਂ ਨਵੇਂ ਲੋਕਾਂ ਨੂੰ ਸ਼ਾਮਲ ਕਰਦੇ-ਕਰਵਾਂਦੇ ਸਿਆਲ ਕੋਟ ਜ਼ਿਲੇ ਨੂੰ ਨਿਕਲ ਗਏ। ਗੁਰੂ ਰਾਮ ਸਿੰਘ ਜੀ ਦੇ ਅਲੌਕਿਕ ਦਰਸ਼ਨਾਂ, ਬਚਨਾਂ, ਦੀਵਾਨਾਂ ਆਦਿ ਦਾ ਅਜਿਹਾ ਜ਼ਬਰਦਸਤ ਪ੍ਰਭਾਵ ਪੈਂਦਾ ਕਿ ਬੇਓੜਕੇ ਲੋਕੀਂ ਅਫ਼ੀਮਾਂ, ਭੰਗਾਂ, ਪੋਸਤਾਂ, ਸ਼ਰਾਬਾਂ ਤੇ ਮਾਸਾਹਾਰ ਦਾ ਤਿਆਗ ਕਰ, ਹੁੱਕੇ ਤਮਾਕੂ ਨੂੰ ਖ਼ੈਰ ਬਾਦ ਆਖ, ਦੇਵਤਿਆਂ ਵਾਲੇ ਜੀਵਨ ਨੂੰ ਅਪਣਾਈ ਚਲੇ ਜਾਂਦੇ।

ਇੰਜ ਲੰਮੇ ਦੌਰੇ ਤੇ ਨਿਕਲਿਆਂ ਸਤਿਗੁਰੂ ਜੀ ਨੂੰ ਅਗਲਾ ਸਾਲ ਵੀ ਚੜ੍ਹ ਪਿਆ। "ਸਿਆਲ ਕੋਟ ਦੀ ਪੁਲਿਸ ਨੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਇਨ੍ਹਾਂ ਦੌਰਿਆਂ ਸੰਬੰਧੀ ਆਪਣੀ ਰਿਪੋਰਟ ਦਿਤੀ। ਇਸ ਦੇ ਆਧਾਰ ਤੇ ਡਿਪਟੀ ਕਮਿਸ਼ਨਰ ਸਿਆਲ ਕੋਟ ਨੇ ਆਪਣੀ ੫ ਅਪਰੈਲ ੧੮੬੩ ਦੀ ਰਿਪੋਰਟ ਵਿਚ ਲਿਖਿਆ ਕਿ "ਜ਼ਿਲਾ ਲੁਧਿਆਣੇ ਦਾ ਇਕ ਵਡੇਰੀ ਉਮਰ ਦਾ ਸਿੱਖ ਆਪਣੇ ੨੦੦ ਸਾਥੀਆਂ ਸਮੇਤ ਇਸ ਜ਼ਿਲੇ ਦਾ ਦੌਰਾ ਕਰ ਰਿਹਾ ਹੈ। ਰਾਤ ਨੂੰ ਇਹ ਬੰਦੂਕਾਂ ਦੀ ਥਾਂ ਲਾਠੀਆਂ ਫੜ ਕੇ ਕਵਾਇਦ ਭੀ ਕਰਦੇ ਹਨ। ਉਸ ਦੇ (ਏਥੇ) ਪੰਜ ਹਜ਼ਾਰ ਪੈਰੋਕਾਰ ਹਨ। ਉਹ ਕਿਸੇ ਹਾਕਮ ਦਾ ਹੁਕਮ ਨਹੀਂ ਮੰਨਦਾ। ਉਹ ਆਪਣੇ ਜਥੇ ਸਮੇਤ ਜਿਸ ਵਿਚ ਇਸਤ੍ਰੀਆਂ ਵੀ ਸ਼ਾਮਲ ਹਨ, ਅੰਮ੍ਰਿਤਸਰ ਵੈਸਾਖੀ ਦੇ ਮੇਲੇ ਨੂੰ ਜਾ ਰਿਹਾ ਹੈ।"*

ਵੈਸਾਖੀ ਸਮੇਂ ਅੰਮ੍ਰਿਤਸਰ ਵਿਚ ਨਾਮਧਾਰੀਆਂ ਦਾ ਇਕ ਤਕੜਾ ਇਕੱਠ ਹੋ ਗਿਆ। ਏਥੇ ਹੀ ਨਵੀਆਂ ਤਜਵੀਜ਼ਾਂ ਅਨੁਸਾਰ ਹੋਰ ਵੀ ਸਮਾਜਕ ਸੁਧਾਰ ਕਰਨ ਦਾ ਪ੍ਰੋਗਰਾਮ ਬਣ ਗਿਆ। ਇਹ ਸੀ ਵਿਆਹਾਂ ਨੂੰ ਅਨੰਦ ਕਾਰਜਾਂ ਦੀ ਸ਼ਕਲ ਦੇ ਕੇ ਗੁਰਬਾਣੀ ਦੁਆਰਾ ਲਾਵਾਂ ਪੜ੍ਹ ਕੇ ਸੰਪੂਰਨ ਕਰਨਾ। ਇਸ ਨਾਲ ਅਨਪੜ੍ਹ ਬ੍ਰਾਹਮਣਾਂ ਦੇ ਛੰਡਣ-ਮੰਡਣ ਤੋਂ ਸਮਾਜ ਨੂੰ ਮੁਕਤ ਕਰ ਦੇਣਾ ਸੀ। ਦਿਨ ਮੁਕੱਰਰ ਕਰਕੇ ਪਿੰਡ ਖੋਟਿਆਂ ਵਿਖੇ ਛੇ ਅਨੰਦ ਕਾਰਜ ਕਰਨ ਦਾ ਫ਼ੈਸਲਾ ਹੋ ਗਿਆ।

ਇਸ ਵੈਸਾਖੀ ਤਕ ਨਾਮਧਾਰੀਆਂ ਬਾਰੇ ਅੰਗਰੇਜ਼ ਹਾਕਮਾਂ ਨੂੰ ਕੁਝ ਸ਼ਕ ਸੁਬਹ ਹੋਣ ਲਗ ਪਿਆ।

* ਨਾਮਧਾਰੀ ਇਤਿਹਾਸ, ਹਿਸਾ ਪਹਿਲਾ, ਸ: ਨਾਹਰ ਸਿੰਘ ਐਮ. ਏ.।



Sri Satguru Jagjit Singh Ji eLibrary NamdhariElibrary@gmail.com

## ਪਾਬੰਦੀਆਂ

੩ ਜੂਨ ੧੮੬੩ ਨੂੰ ਪਿੰਡ ਖੋਟੇ, ਜ਼ਿਲਾ ਫ਼ੀਰੋਜ਼ਪੁਰ ਵਿਚ ਬਾਬਾ ਸਮੁੰਦ ਸਿੰਘ ਦੀ ਸਰਕਰਦਗੀ ਹੇਠ ਵਿਆਹ-ਮੇਲਾ ਰਚਿਆ ਗਿਆ। ਇਸ ਦਿਨ ਤੋਂ ਪਹਿਲੀ ਵੇਰ ਉਹ ਮਰਿਆਦਾ ਸਥਾਪਤ ਹੋਈ ਜਿਸ ਨੂੰ ਹੁਣ 'ਅਨੰਦ ਕਾਰਜ' ਦੀ ਸੰਗਿਆ ਦਿਤੀ ਗਈ ਹੈ। ਇਸ ਤੋਂ ਪਹਿਲਾਂ ਸਾਰੇ ਸਿੱਖਾਂ ਤੇ ਸਿੱਖ ਸਤਿਗੁਰੂਆਂ ਦੇ ਵਿਆਹ ਵੈਦਿਕ ਰੀਤੀ ਨਾਲ ਹੀ ਹੁੰਦੇ ਰਹੇ ਸਨ।

ਕੂਕਿਆਂ ਅਥਵਾ ਨਾਮਧਾਰੀਆਂ ਦੇ ਇਹ ਅਨੰਦ ਕਾਰਜ ਸਤਿਗੁਰੂ ਜੀ ਦੀ ਹਜ਼ੂਰੀ ਵਿਚ, ਯੱਗ ਹਵਨ ਕਰਕੇ, ਵੇਦੀ ਦੁਆਲੇ ਚਾਰ ਲਾਵਾਂ ਗੁਰਬਾਣੀ ਵਿਚੋਂ ਪੜ੍ਹ ਕੇ ਸੰਪੰਨ ਕੀਤੇ ਗਏ। ਇਸ ਨਾਲ ਖੋਟਿਆਂ ਅਤੇ ਦੁਆਲੇ ਦੇ ਪਿੰਡਾਂ ਦੇ ਬ੍ਰਾਹਮਣਾਂ ਨੇ ਆਪਣੀ ਰੋਟੀ-ਰੋਜ਼ੀ ਤੇ ਲੱਤ ਵੱਜਦੀ ਜਾਣ ਪਹਿਲਾਂ ਤਾਂ ਏਥੇ ਹੀ ਰੋਕਣ ਲਈ ਝਗੜੇ-ਬਖੇੜੇ ਖੜੇ ਕਰਨ ਦੀ ਕੋਸ਼ਿਸ਼ ਕੀਤੀ ; ਫਿਰ ਬਾਘਾ ਪੁਰਾਣੇ ਦੇ ਠਾਣੇ ਜਾ ਭਰਵੀਂ ਸ਼ਕਾਇਤ ਕੀਤੀ ਅਤੇ ਨਾਲ ਹੀ ਅੰਗਰੇਜ਼ ਸਰਕਾਰ ਨੂੰ ਰੜਕਣ ਵਾਲੀਆਂ ਗੱਲਾਂ ਲਿਖਵਾ ਕੇ ਐਸੇ ਹਾਲਾਤ ਬਣਾ ਦਿਤੇ ਕਿ ਸੁਪਰਡੈਂਟ ਪੁਲਿਸ ਨੂੰ ਮੌਕੇ ਤੇ ਖੋਟੀਂ ਆਉਣਾ ਪਿਆ। ਗੱਲ-ਬਾਤ ਦੇ ਦੌਰਾਨ ਜਦੋਂ ਐਸ. ਪੀ. ਨੂੰ ਨਾਮਧਾਰੀਆਂ ਵਲੋਂ ਜਵਾਬ ਮਿਲਿਆ ਕਿ ਉਹ ਇਸ ਵਿਚ ਕਿਸੇ ਨਾਲ ਨਾਜਾਇਜ਼ ਧੱਕਾ ਨਹੀਂ ਮਿਥਦੇ ਜੇ ਉਨ੍ਹਾਂ ਦਾ ਸਮਾਜ ਆਪਣੇ ਵਿਆਹ-ਸ਼ਾਦੀਆਂ ਤੇ ਮਰਨੇ-ਪਰਨੇ ਆਪਣੇ ਸਾਦਾ ਸਰਲ ਢੰਗ ਨਾਲ ਕਰ ਲਵੇ। ਇਸ ਦੀ ਰੀਪੋਰਟ ਗਵਰਨਰ ਪੰਜਾਬ ਤਕ ਪਹੁੰਚੀ।

ਕਾਫ਼ੀ ਹਿਲਜੁਲ ਹੋ ਗਈ। ਪੰਜਾਬ ਸਰਕਾਰ ਦੇ ਹੁਕਮ ਅਨੁਸਾਰ ਡਿਪਟੀ ਕਮਿਸ਼ਨਰ ਫ਼ੀਰੋਜ਼ਪੁਰ ਫ਼ੌਰਨ ਪਿੰਡ ਖੋਟਿਆਂ ਵਿਚ ਪਹੁੰਚਿਆ। ਉਸ ਨੇ ਆਉਂਦਿਆਂ ਹੀ ਪੰਜਾਬ ਸਰਕਾਰ ਦਾ ਹੁਕਮ ਸੁਣਾਇਆ :

(ੳ) ਜ਼ਿਲਾ ਫ਼ੀਰੋਜ਼ਪੁਰ ਵਿਚ ਨਾਮਧਾਰੀ ਨਾ ਕੋਈ ਧਾਰਮਿਕ ਮੇਲਾ ਕਰ ਸਕਦੇ ਹਨ ਤੇ ਨਾ ਸਮਾਜਕ ਇਕੱਠ।

(ਅ) ਗੁਰੂ ਰਾਮ ਸਿੰਘ ਫ਼ੌਰਨ ਏਥੋਂ ਤੁਰ ਪੈਣ ਤੇ ਸਿੱਧੇ ਹੀ ਭੈਣੀ ਸਾਹਿਬ ਪਹੁੰਚ ਜਾਣ।

੧੪ ਜੂਨ ਤਕ ਸਤਿਗੁਰੂ ਪੁਲਿਸ ਨਿਗਰਾਨੀ ਅਧੀਨ ਭੈਣੀ ਸਾਹਿਬ ਅਪੜ ਗਏ। ਅਤੇ ਇਸ ਤੋਂ ਪਿਛੋਂ ਨਾਮਧਾਰੀਆਂ ਦੇ ਕੇਂਦਰ ਨੂੰ ਪੱਕੇ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਣ ਲਗ ਪਿਆ। ਪੁਲਿਸ ਵਲੋਂ ਸਾਰੇ ਪੰਜਾਬ ਦੇ ਨਾਮਧਾਰੀਆਂ ਵਲ ਚੌਕਸੀ ਰਖੀ ਜਾਣ ਲਗੀ।

## ਪਹਿਲੀ ਰਿਪੋਰਟ

ਸਾਹਿਬ ਸਿੰਘ ਜੋ ਦੇ ਨਾਮ ਨਾਲ ਜੁੜੀ ਪਹਿਲੀ ਰਿਪੋਰਟ ਜਲੰਧਰ ਦੇ ਮੈਜਿਸਟਰੇਟ ਕਪਤਾਨ ਮਿਲਰ ਨੂੰ ਉਸ ਦੇ ਕਿਸੇ ਚਮਚੇ ਰਾਹੀਂ ਮਿਲੀ। ਉਸ ਨੇ ੧੧ ਜੂਨ ਨੂੰ ਡਿਪਟੀ ਕਮਿਸ਼ਨਰ ਜਲੰਧਰ ਤੇ ਪੁਲਿਸ ਦੇ ਸੁਪਰਡੈਂਟ ਨੂੰ ਦੱਸਿਆ : "ਮੈਂ ਗੰਡਾ ਸਿੰਘ



Sri Satguru Jagjit Singh Ji eLibrary NamdhariElibrary@gmail.com

(ਸੂਹੀਏ) ਨੂੰ ਗੁਰੂ ਰਾਮ ਸਿੰਘ ਦੇ ਪਿੰਡ ਭੇਜਿਆ ਸੀ । ਗੁਰੂ ਉਥੋਂ ਗ਼ੈਰ ਹਾਜ਼ਰ ਸੀ । ਉਨ੍ਹਾਂ ਦਾ ਚੇਲਾ ਸਾਹਿਬ ਸਿੰਘ ਉਥੇ ਮੌਜੂਦ ਸੀ । ਗੰਡਾ ਸਿੰਘ ਨੇ ਨਾਮਧਾਰੀ ਬਣਨ ਦੀ ਇੱਛਿਆ ਪਰਗਟ ਕੀਤੀ । ਰਾਤ ਨੂੰ 'ਗੰਡਾ ਸਿੰਘ ਉਨ੍ਹਾਂ ਦੀ ਟੋਲੀ ਵਿਚ, ਜਿਸ ਵਿਚ ੫੦ ਦੇ ਕਰੀਬ ਬੰਦੇ ਸਨ, ਜਾ ਮਿਲਿਆ । ਢੋਲਕ ਵੱਜੀ ਤੇ ਹਰ ਇਕ ਨੇ ਆਪਣੀ ਆਪਣੀ ਲਾਠੀ ਸਾਹਿਬ ਸਿੰਘ ਤੋਂ ਲੈ ਲਈ । ਸਾਹਿਬ ਸਿੰਘ ਨੇ ਟੋਲੀ ਨੂੰ ਦੋ ਘੰਟੇ ਕਵਾਇਦ ਕਰਵਾਈ ।"*

## ਦੂਜੀ ਰਿਪੋਰਟ

ਡਿਪਟੀ ਕਮਿਸ਼ਨਰ ਅਤੇ ਐਸ. ਪੀ. ਨੇ ਮਿਲਰ ਦੁਆਰਾ ਦਿਤੀ ਗਈ ਗੰਡਾ ਸਿੰਘ ਦੀ ਰਿਪੋਰਟ ਤੇ ਵਿਸ਼ਵਾਸ ਨਾ ਕਰਕੇ ਹਕੀਕਤ ਦੀ ਵਧੇਰੇ ਤਹਿਕੀਕਾਤ ਕਰਨ ਲਈ ਚਾਰ ਹੋਰ ਜਾਸੂਸ ਜੁ ਸਾਹਿਬੇ ਹੈਸੀਅਤ ਸਨ, ਸੂਹੀਏ ਬਣਾ ਕੇ ਭੈਣੀ ਸਾਹਿਬ ਭੇਜੇ । ਇਨ੍ਹਾਂ ਆਦਮੀਆਂ ਦੇ ਨਾਮ ਬੜੀ ਇਹਤਿਆਤ ਨਾਲ ਸਰਕਾਰੀ ਕਾਗ਼ਜ਼ਾਂ ਵਿਚ ਵੀ ਨਹੀਂ ਆਉਣ ਦਿਤੇ ਗਏ । ਹੁਣ ਤਕ ਗੁਰੂ ਰਾਮ ਸਿੰਘ ਜੀ ਖੋਟਿਆਂ ਤੋਂ ਨਵੀਆਂ ਪਾਬੰਦੀਆਂ ਲੈ ਕੇ ਭੈਣੀ ਸਾਹਿਬ ਆ ਚੁਕੇ ਸਨ ।

ਨਵੀਂ ਤਹਿਕੀਕਾਤ ਅਨੁਸਾਰ "ਨਾਮਧਾਰੀਆਂ ਦਾ ਰਵੱਈਆ ਅਮਨ ਅਮਾਨ ਵਾਲਾ ਸੀ । ਭੈਣੀ ਵਿਖੇ ਉਨ੍ਹਾਂ ਕੋਈ ਕਵਾਇਦ ਹੁੰਦੀ ਨਹੀਂ ਵੇਖੀ ਅਤੇ ਨਾ ਹੀ ਉਥੇ ਕੋਈ ਹਥਿਆਰ ਸਨ । ਭਾਈ ਸਾਹਿਬ ਸਿੰਘ ਉਹਨੀਂ ਦਿਨੀਂ ਲੁਧਿਆਣੇ ਗਿਆ ਹੋਇਆ ਸੀ ।"**

੧੮੬੩ ਅਪਰੈਲ ਤੋਂ ਜੂਨ ਤਕ ਪੰਜਾਬ ਦੇ ਸਾਰੇ ਜ਼ਿਲਿਆਂ ਵਿਚੋਂ ਮਿਲੀਆਂ ਰਿਪੋਰਟਾਂ ਦੇ ਆਧਾਰ ਤੇ ਇੰਸਪੈਕਟਰ ਜਨਰਲ ਪੁਲਿਸ ਨੇ ਇਕ ਰਿਪੋਰਟ ਤਿਆਰ ਕੀਤੀ, ਜਿਸ ਤੇ ਅੱਗੇ ਪੰਜਾਬ ਸਰਕਾਰ ਦੇ ਕਾਇਮ ਮੁਕਾਮ ਸਕੱਤਰ ਟੀ. ਡੀ. ਫੋਰਸਿਥ ਨੇ ੧੨ ਮੱਦਾਂ ਵਾਲਾ ਨੋਟ ਲਿਖਿਆ । ਇਸ ਦਾ ਤੱਤ ਇਹ ਸੀ ਕਿ ਗੁਰੂ ਰਾਮ ਸਿੰਘ ਜੀ ਦੀਆਂ ਸਿੱਖਿਆਵਾਂ ਰਾਜ ਵਿਦ੍ਰੋਹੀ ਨਹੀਂ । ਉਹ ਸਮਾਜ ਸੁਧਾਰਕ ਹਨ, ਧਰਮ ਵਿਚ ਪਈਆਂ ਕੁਰੀਤੀਆਂ ਨੂੰ ਦੂਰ ਕਰਦੇ ਹਨ । ਪਰ ਗੁਰੂ ਰਾਮ ਸਿੰਘ ਜੀ ਦੇ ਕਈ ਚੇਲੇ ਰਾਜ ਵਿਦਰੋਹ ਦੀਆਂ ਗੱਲਾਂ ਕਰਦੇ ਹਨ । ਭਾਵੇਂ ਗੁਰੂ ਰਾਮ ਸਿੰਘ ਜੀ ਦੀ ਨੀਅਤ ਕੁਝ ਵੀ ਹੋਵੇ, ਪਰ "ਉਸ ਦੀਆਂ ਸਿੱਖਿਆਵਾਂ ਨਾਲ ਲੋਕਾਂ ਦੇ ਮਨ ਡਾਵਾਂ ਡੋਲ ਹੋ ਗਏ ਹਨ ।"..."ਗੁਰੂ ਰਾਮ ਸਿੰਘ ਨੂੰ ਉਸ ਦੇ ਪਿੰਡ ਹੀ ਜੂਹ ਬੰਦ ਕਰ ਦਿਤਾ ਜਾਵੇ । ਪੁਲਿਸ ਦਾ ਮਹਿਕਮਾ ਇਨ੍ਹਾਂ ਸੰਬੰਧੀ ਸਾਰੀ ਖ਼ਬਰ ਰਖੇ ਅਤੇ ਉਸ ਦੀਆਂ ਕਾਰਵਾਈਆਂ ਦੀ ਸਿੱਧੀ ਖ਼ਬਰ ਦੇਵੇ ।"

ਇਸ ਤੋਂ ਪਿਛੋਂ ਪੰਜਾਬ ਵਿਚ ਨਾਮਧਾਰੀਆਂ ਦੇ ਦੀਵਾਨ, ਮੇਲੇ ਤੇ ਇਕੱਠ ਸਰਕਾਰੀ ਹੁਕਮ ਦੁਆਰਾ ਬੰਦ ਕਰ ਦਿਤੇ ਗਏ ਤੇ ਗੁਰੂ ਰਾਮ ਸਿੰਘ ਭੈਣੀ ਸਾਹਿਬ ਵਿਚ ਜੂਹ ਬੰਦ ।

* ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਸ: ਨਾਹਰ ਸਿੰਘ ਐਮ. ਏ. ਪੰਨਾ ੧੭੨ ।
** ਉਪ੍ਰੋਕਤ ਪੁਸਤਕ ।



Sri Satguru Jagjit Singh Ji eLibrary NamdhariElibrary@gmail.com

## ਸੂਬੇ ਦੀ ਪਦਵੀ

ਅਗਲੇ ਸਾਲ ਨਾਮਧਾਰੀਆਂ ਲਈ ਸਖ਼ਤ ਪਾਬੰਦੀਆਂ ਦੇ ਸਨ। ਅਜਿਹੇ ਸਮਿਆਂ ਵਿਚ ਨਾਮਧਾਰੀ ਸਮਾਜ ਨੂੰ ਕਾਇਮ ਰਖਣਾ, ਉਸ ਤਕ ਆਪਣੀ ਪਹੁੰਚ ਬਣਾਈ ਰਖਣੀ, ਜਥੇਬੰਦ ਕਰਨਾ ਤੇ ਪਰਚਾਰ ਜਾਰੀ ਰਖਣਾ ਕਿੰਨਾ ਕੁ ਕਠਿਨ ਹੋ ਸਕਦਾ ਹੈ, ਸਹਿਜੇ ਹੀ ਸਮਝ ਵਿਚ ਆਉਣ ਵਾਲੀ ਗੱਲ ਹੈ। ਸਤਿਗੁਰੂ ਜੀ ਨੇ ਆਪਣੀ ਜੂਹ ਬੰਦੀ ਦੌਰਾਨ ਪਹਿਲਾਂ ਆਪਣੇ ਇਕ ਫ਼ੌਜੀ ਸਾਥੀ ਤੇ ਹੁਣ ਇਤਬਾਰੀ ਸੇਵਕ ਬਾਬਾ ਕਾਨ੍ਹ ਸਿੰਘ ਚੱਕ ਵਾਲੇ, ਬਾਬਾ ਸੁੱਧ ਸਿੰਘ ਮਢੌਰ ਅਤੇ ਬਾਬਾ ਜਵਾਹਰ ਸਿੰਘ ਨੂੰ ਸੂਬੇ ਬਣਾ ਕੇ, ਇਲਾਕੇ ਵੰਡ ਕੇ ਪਰਚਾਰ ਜਾਰੀ ਰਖਿਆ। ਫਿਰ ਸਾਹਿਬ ਸਿੰਘ ਤੇ ਲੱਖਾ ਸਿੰਘ ਹੁਰਾਂ ਨੂੰ ਸੂਬਾ ਸਥਾਪਤ ਕਰਕੇ ਬਾਹਰ ਭੇਜਿਆ। ਅੰਤ ਇਕ ਹੋਰ ਟੀਮ ਸੂਬਿਆਂ ਦੇ ਤੌਰ ਤੇ ਮੁਕਰਰ ਕਰ ਦਿਤੀ। ਅਰਥਾਤ ਪੰਜਾਬ ਰਾਜ ਨੂੰ ਬਾਈ ਖਿੱਤਿਆਂ ਵਿਚ ਵੰਡ ਕੇ ਆਪਣਾ ਸੰਦੇਸ਼ ਘਰ-ਘਰ ਪੁਚਾਣ ਦਾ ਪ੍ਰਬੰਧ ਕਰ ਦਿਤਾ।

ਭਾਵੇਂ ਸਾਹਿਬ ਸਿੰਘ ਜੀ ਦੀ ਕਾਬਲੀਅਤ ਦਾ ਲੋਹਾ ਪਹਿਲਾਂ ਵੀ ਨਾਮਧਾਰੀਆਂ ਵਿਚ ਮੰਨਿਆਂ ਜਾਂਦਾ ਸੀ, ਪਰ ਹੁਣ ਸਾਰੇ ਪੰਜਾਬ ਵਿਚ ਸੂਬਾ ਸਾਹਿਬ ਸਿੰਘ ਦੀ ਖ਼ੁਸ਼ਬੋ ਫੈਲ ਚੁਕੀ ਸੀ। ਨਾਲ ਹੀ ਸਰਕਾਰੀ ਅਧਿਕਾਰੀਆਂ ਨੂੰ ਵੀ ਇਸ ਦੀ ਯੋਗਤਾ ਬਾਰੇ ਕੋਈ ਸ਼ੱਕ ਨਹੀਂ ਸੀ ਰਿਹਾ।

## ਤੀਜੀ ਰਿਪੋਰਟ

ਵਿਚਲੇ ਸਾਲਾਂ ਦਾ ਪਤਾ ਬੇਸ਼ਕ ਅਜੇ ਸਰਕਾਰੀ ਰਿਕਾਰਡ ਤੋਂ ਨਹੀਂ ਲਗ ਰਿਹਾ, ਪਰ ੧੮੬੬ ਈ: ਵਿਚ ਗੰਡਾ ਸਿੰਘ ਇਕ ਮੁਖਬਰੀ ਫਿਰ ਕੀਤੀ। ਲੰਮੀ ਚੌੜੀ ਰਿਪੋਰਟ ਨੂੰ ਨਾ ਛੇੜਦਿਆਂ ਏਨਾ ਦੱਸਣਾ ਹੀ ਕਾਫ਼ੀ ਹੈ ਕਿ ਗੰਡਾ ਸਿੰਘ ਅਨੁਸਾਰ "ਕੂਕੇ ਗੜਬੜ ਲਈ ਤਿਆਰ ਹਨ।...ਗੁਰੂ ਰਾਮ ਸਿੰਘ ਹੁਰਾਂ ਪਿਛੋਂ ਸੂਬਾ ਸਾਹਿਬ ਸਿੰਘ ਉਨ੍ਹਾਂ ਦੀ ਥਾਂ ਹੋਵੇਗਾ।...ਜੇ ਸਾਹਿਬ ਸਿੰਘ ਆਗੂ ਬਣ ਗਿਆ ਤਦ ਜ਼ਰੂਰ ਹੀ ਬਲਵਾ ਹੋ ਜਾਵੇਗਾ।"*

ਇੰਜ ਸਰਕਾਰੀ ਕਾਗ਼ਜ਼ਾਂ ਵਿਚ ਪਹਿਲੀ ਵਾਰ ਗੁਰੂ ਰਾਮ ਸਿੰਘ ਜੀ ਦੇ ਸੰਭਵ ਉਤ੍ਰਾਧਿਕਾਰੀ ਦੀ ਖ਼ਬਰ ਦਿਤੀ ਗਈ।

## ਨਾਫ਼ਰਮਾਨੀ

ਸੂਬਾ ਸਾਹਿਬ ਸਿੰਘ ਅਤੇ ਅੰਤ੍ਰਿੰਗ ਦੇ ਦਸ ਹੋਰ ਸੂਬਿਆਂ ਨੇ ਏਨਾ ਰਾਜ਼ਦਾਰੀ ਵਿਚ ਕੰਮ ਕੀਤਾ ਕਿ ਗਵਰਨਰ ਪੰਜਾਬ ਨੇ ਪ੍ਰਾਂਤ ਵਿਚ ਅਮਨ ਅਮਾਨ ਜਾਣ ੧੮੬੬ ਦੇ ਅਖ਼ੀਰ ਵਿਚ ਪਾਬੰਦੀਆਂ ਕੁਝ ਨਰਮ ਕਰ ਦਿਤੀਆਂ। ਆਗਿਆ ਲੈ ਕੇ ਗੁਰਦੁਆਰਿਆਂ ਦੀ ਯਾਤਰਾ ਦੀ ਖੁਲ੍ਹ ਦੇ ਦਿਤੀ ਗਈ। ਤਾਂ ਵੀ ਜਦੋਂ ਜਨਵਰੀ 1867

* ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਸ: ਨਾਹਰ ਸਿੰਘ ਐਮ. ਏ. ਪੰਨਾ ੧੮੬।



Sri Satguru Jagjit Singh Ji eLibrary NamdhariElibrary@gmail.com

ਮਾਘੀ ਦਾ ਮੇਲਾ ਮੁਕਤਸਰ ਕਰਨ ਵਾਸਤੇ ਜ਼ਿਲਾ ਅਧਿਕਾਰੀ ਨੂੰ ਪੁੱਛ ਘੱਲਿਆ ਤਾਂ ਜਵਾਬ ਵਿਚ ਇਨਕਾਰ ਹੀ ਪੱਲੇ ਪਿਆ।

ਸਤਿਗੁਰੂ ਜੀ ਅਤੇ ਸੂਬਿਆਂ ਨੇ ਫ਼ੈਸਲਾ ਕਰ ਲਿਆ ਕਿ ਜੇ ਮਾਘੀ ਤੇ ਨਹੀਂ ਜਾਣ ਦਿੰਦੇ ਤਾਂ ਇਹ ਦਿਹਾੜਾ ਧੂਮ ਧਾਮ ਨਾਲ ਭੈਣੀ ਸਾਹਿਬ ਹੀ ਮਨਾਇਆ ਜਾਏ। ਜਦੋਂ ਇਸ ਬਾਰੇ ਸਰਕਾਰ ਨੂੰ ਸੂਚਤ ਕੀਤਾ ਗਿਆ, ਤਾਂ ਐਸ. ਪੀ. ਲੁਧਿਆਣਾ ਤਾਂ ਬਿਨਾਂ ਦਖ਼ਲ ਮੇਲਾ ਹੋਣ ਦੇਣ ਨੂੰ ਤਿਆਰ ਸੀ, ਪਰ ਇਨਸਪੈਕਟਰ ਜਨਰਲ ਨੇ ਸ਼ਰਤ ਲੱਗਾ ਦਿਤੀ : ਮੇਲਾ ਹੋ ਸਕਦਾ ਹੈ, ਜੇ ਕਰ ਆਦਮੀ ਘੱਟ ਮੰਗਵਾਏ ਜਾਣ। ਜਦੋਂ ਸਤਿਗੁਰੂ ਜੀ ਨੂੰ ਗਵਰਨਮੈਂਟ ਦਾ ਫ਼ਿਕਰ ਦਸਿਆ ਗਿਆ ਤਾਂ ਸਤਿਗੁਰੂ ਜੀ ਤੇ ਸੂਬਿਆਂ ਨੇ ਇਹ ਪਾਬੰਦੀ ਮੰਨਣੋਂ ਇਨਕਾਰ ਕਰ ਦਿਤਾ ਅਤੇ ਗੱਜ ਵੱਜ ਕੇ ਮਾਘੀ ਦਾ ਮੇਲਾ ਭੈਣੀ ਸਾਹਿਬ ਹੀ ਕੀਤਾ।

## ਹੋਲਾ ਆਨੰਦਪੁਰ

੧੮੬੭ ਦੀ ਮਾਰਚ ਵਿਚ ਆਨੰਦਪੁਰ ਜਾ ਕੇ ਹੋਲਾ ਵੇਖਣ ਦੀ ਫਿਰ ਆਗਿਆ ਮੰਗੀ ਗਈ। ਲਾਟ ਸਾਹਿਬ ਪੰਜਾਬ ਨੇ ਸੰਬੰਧਤ ਅਧਿਕਾਰੀਆਂ ਨੂੰ ਸੁਚੇਤ ਕਰ ਕੇ ਆਗਿਆ ਦੇ ਦਿਤੀ। ਪੁਲਸ ਦੇ ਕਰੜੇ ਪ੍ਰਬੰਧਾਂ ਹੇਠ ਹੋਲਾ ਠੀਕ-ਠਾਕ ਭੁਗਤ ਗਿਆ। ਸਰਕਾਰੀ ਰਿਪੋਰਟ ਅਨੁਸਾਰ ਗੁਰੂ ਰਾਮ ਸਿੰਘ ਸਭ ਤੋਂ ਅਗੇ ਘੋੜੀ ਤੇ, ਪਿਛੇ ਬਾਈ ਸੂਬਿਆਂ ਦਾ ਜਥਾ ਘੋੜਿਆਂ ਤੇ ਸਵਾਰ ਹੋ ਤਖ਼ਤ ਸ੍ਰੀ ਕੇਸਗੜ੍ਹ ਦੇ ਦਰਸ਼ਨਾਂ ਨੂੰ ਚਲਿਆ। ਇਨ੍ਹਾਂ ਦੇ ਪਿਛੇ ੨੫੦੦ ਨਾਮਧਾਰੀ ਪੈਦਲ ਸਫ਼ੈਦ ਕਪੜੇ ਪਹਿਨੀਂ ਸ਼ਬਦ ਕੀਰਤਨ ਕਰਦੇ ਚਲੇ ਜਾ ਰਹੇ ਸਨ। ਸੂਬਾ ਸੁੱਧ ਸਿੰਘ ਮਦੌਰੀਆ ਇਸ ਜਲੂਸ ਦਾ ਮੁਖ ਪ੍ਰਬੰਧਕ ਸੀ। ਇਸ ਸ਼ਾਨਾਂ ਭਰੇ ਜਲੂਸ ਨੂੰ ਡਿਪਟੀ ਇਨਸਪੈਕਟਰ ਜਨਰਲ ਨੇ ਖ਼ੁਦ ਵੇਖਿਆ।

ਅਨੰਦਪੁਰ ਹੋਲੇ ਤੇ ਨਾਮਧਾਰੀਆਂ ਦੇ ਪਹੁੰਚਣ ਦੀ ਅਵਾਈ ਸੁਣ ਕੇ ਪੁਜਾਰੀ ਬੁਖ਼ਲਾ ਉਠੇ ਸਨ। ਉਨ੍ਹਾਂ ਪੰਜਾਬ ਸਰਕਾਰ ਨੂੰ ਫ਼ਸਾਦ ਭੜਕ ਉਠਣ ਦੀ ਸ਼ਕਾਇਤ ਕੀਤੀ ਤਾਂ ਪੰਜਾਬ ਦੇ ਹੋਛੇ ਹੋਏ ਡਿਪਟੀ ਇਨਸਪੈਕਟਰ ਜਨਰਲ ਨੇ ਸਭ ਕੁਝ ਠੀਕ-ਠਾਕ ਰਖਣ ਲਈ ਸਿਆਣੇ ਅਫ਼ਸਰਾਂ ਅਧੀਨ ਤਕੜੀ ਪੁਲਿਸ ਭੇਜ ਦਿਤੀ। ਹੁਸ਼ਿਆਰਪੁਰ ਦਾ ਏ. ਐਸ. ਪੀ. ਮਿ: ਹੈਚਲ, ਡਿਪਟੀ ਕਮਿਸ਼ਨਰ ਮਿ: ਪਰਕਿਨਜ਼ ਆਦਿ ਵੀ ਮੁਨਾਸਬ ਪ੍ਰਬੰਧ ਲਈ ਆ ਗਏ। ਨਾਮਧਾਰੀਆਂ ਲਈ ਪਾਬੰਦੀਆਂ ਸੁਣਾਨ ਲੱਗੇ। ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੇ ਕਰੜਾ ਰੋਸ ਪ੍ਰਗਟ ਕੀਤਾ : ਸਾਨੂੰ ਅਮਨ ਅਮਾਨ ਹੋਲਾ ਕਿਉਂ ਨਹੀਂ ਵੇਖਣ ਦਿਤਾ ਜਾਂਦਾ!

ਵਿਰੋਧਤਾ ਵਿਚ ਨਿਹੰਗਾਂ ਦਾ ਇਕ ਟੋਲਾ ਉਠਿਆ, ਪਰ ਪੁਲਿਸ ਦੇ ਦਖ਼ਲ ਕਾਰਨ ਇਹ ਫ਼ਸਾਦ ਨਾ ਖੜਾ ਕਰ ਸਕਿਆ। ਭੜਕਾਹਟਾਂ ਦੇ ਬਾਵਜੂਦ ਹੋਲਾ ਖ਼ੁਸ਼ ਅਸਲੂਬੀ ਨਾਲ ਲੰਘ ਗਿਆ। ਡਿਪਟੀ ਕਮਿਸ਼ਨਰ ਨੇ ਮੀਆਂ ਫ਼ਜ਼ਲ ਹੁਸੈਨ ਦੀ ਡਿਊਟੀ ਸ਼ਾਂਤੀ ਕਾਇਮ ਰਖਣ ਬਾਰੇ ਲਾਈ ਹੋਈ ਸੀ। ਉਸ ਨੇ ਮੇਲੇ ਦੀ ਸਮਾਪਤੀ ਤੇ ੨੦ ਮਾਰਚ ਨੂੰ ਇਕ ਰਿਪੋਰਟ ਦਿਤੀ।



Sri Satguru Jagjit Singh Ji eLibrary NamdhariElibrary@gmail.com

ਰਿਪੋਰਟ ਦਿਲਚਸਪ ਤੇ ਲੰਮੀ ਹੈ। ਪਰ ਉਸ ਦੇ ਕੁਝ ਨੁਕਤੇ ਇਹ ਹਨ :

— ਨਿਹੰਗ, ਬੇਦੀ ਤੇ ਸੋਢੀ ਨਾਮਧਾਰੀਆਂ ਨੂੰ ਆਨੰਦਪੁਰ ਗੁਰਦਵਾਰੇ ਦੇ ਦਰਸ਼ਨ ਕਰਨ ਦੇ ਹਕ ਵਿਚ ਨਹੀਂ ਸਨ।

— ਤਖ਼ਤ ਸ੍ਰੀ ਕੇਸਗੜ੍ਹ ਵਿਚ ਪੁਜਾਰੀਆਂ ਭੇਟਾ ਤਾਂ ਲੈ ਲਈ, ਪਰ ਕੜਾਹ ਪ੍ਰਸ਼ਾਦ ਦੀ ਅਰਦਾਸ ਕਰਨੋਂ ਨਾਂਹ ਕਰ ਦਿਤੀ। ਕੂਕਿਆਂ ਆਪੇ ਹੀ ਅਰਦਾਸ ਕਰ ਕੜਾਹ ਪ੍ਰਸ਼ਾਦ ਵਰਤਾ ਦਿਤਾ।

— ਡੇਰੇ ਆ ਕੇ ਗੁਰੂ ਰਾਮ ਸਿੰਘ ਜੀ ਨੇ ਪੁਜਾਰੀਆਂ ਦੇ ਨਾਂ ਇਕ ਚਿੱਠੀ ਲਿਖੀ ਕਿ ਤੁਸੀਂ ਗੁਰਸਿੱਖੀ ਵਿਰੁਧ ਸਾਰੀਆਂ ਕੁਰੀਤੀਆਂ ਕਰਦੇ ਹੋ। ਅਸੀਂ ਗੁਰਬਾਣੀ ਅਨੁਸਾਰ ਚਲਦੇ ਹਾਂ ਫਿਰ ਤੁਸੀਂ ਸਾਡੀ ਅਰਦਾਸ ਕਿਉਂ ਨਹੀਂ ਕਰਦੇ।

— ਗੁਰੂ ਰਾਮ ਸਿੰਘ ਅਤੇ ਸੂਬਿਆਂ ਪਾਸ ੪੦ ਘੋੜੇ ਸਨ। ਹੋਲੇ ਵਿਚ ੮੦੦੦ ਕੂਕੇ ਸ਼ਾਮਲ ਹੋਏ।

— ਇਕ ਤੋਂ ਬਿਨਾਂ ਸਾਰੇ ਸੂਬੇ ਮੌਕੇ ਤੇ ਪਹੁੰਚੇ ਹੋਏ ਸਨ । ਗੁਰੂ ਰਾਮ ਸਿੰਘ ਤਾਂ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਕੋਈ ਕੰਮ ਨਹੀਂ ਕਰਦੇ, ਪਰ ਉਨ੍ਹਾਂ ਦੇ ਕਈ ਸੂਬੇ ਜ਼ਰੂਰ ਭੈੜੇ ਹਨ।

— ਕੂਕਿਆਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ । ਅੰਬਾਲਾ, ਲੁਧਿਆਣਾ, ਫ਼ੀਰੋਜ਼ਪੁਰ ਦੇ ਜ਼ਿਲਿਆਂ ਅਤੇ ਨਾਭੇ ਪਟਿਆਲੇ ਦੀਆਂ ਰਿਆਸਤਾਂ ਵਿਚ ਕੂਕਿਆਂ ਦੀ ਚੋਖੀ ਗਿਣਤੀ ਹੈ । ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ, ਲਾਹੌਰ, ਸਿਆਲਕੋਟ ਤੇ ਗੁਰਦਾਸਪੁਰ ਆਦਿ, ਜ਼ਿਲਿਆਂ ਵਿਚ ਵੀ ਕੂਕੇ ਕਾਫ਼ੀ ਗਿਣਤੀ ਵਿਚ ਹਨ।

ਅਸਲ ਵਿਚ ਸੂਬਾ ਸਾਹਿਬ ਸਿੰਘ ਅਤੇ ਦੂਜੇ ਸੂਬਿਆਂ ਦੀ ਧਾਰਮਿਕ ਅਤੇ ਰਾਜਨੀਤਕ ਉਹੋ ਤਾਰੀਖ਼ ਹੈ, ਜੁ ਗੁਰੂ ਰਾਮ ਸਿੰਘ ਜੀ ਦੀ ਹੈ। ਇਹ ਸੂਬੇ ਉਹ ਸਤੰਭ ਸਨ, ਜਿਨ੍ਹਾਂ ਉਪਰ ਮੰਚ ਤੇ ਬਿਰਾਜਮਾਨ ਗੁਰੂ ਰਾਮ ਸਿੰਘ ਸਾਰੇ ਦੇਸ ਵਿਚ ਉਜਾਗਰ ਸਨ।

## ਦਰਖ਼ਾਸਤ

ਅਜੇ ਅਨੰਦਪੁਰ ਦੇ ਹੋਲੇ ਵਿਚ ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦੀ ਚੜ੍ਹਤ ਦੇ ਵਿਚਾਰ ਪੰਜਾਬ ਸਰਕਾਰ ਦੇ ਧਿਆਨੋਂ ਓਝਲ ਨਹੀਂ ਸਨ ਹੋਏ ਕਿ ਇਸੇ ਸਾਲ ਦੀ ੨੬-੨੭ ਅਕਤੂਬਰ ਨੂੰ ਆਉਣ ਵਾਲੀ ਦੀਵਾਲੀ ਤੇ ਅੰਮ੍ਰਿਤਸਰ ਜਾਣ ਲਈ ਦਰਖ਼ਾਸਤ ਲੈ ਕੇ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਨ੍ਹ ਸਿੰਘ ਲਾਹੌਰ ਪਹੁੰਚ ਗਏ। ਬਾਬਾ ਸੰਤੋਖ ਸਿੰਘ ਸਤਿਗੁਰੂ ਬਿਲਾਸ ਵਿਚ ਲਿਖਦੇ ਹਨ : "ਜਾਇ ਅਰਜ ਕੀਤੀ ਕਿ ਦੀਪਮਾਲਾ ਦੀ ਛੁੱਟੀ ਮੰਗਦੇ ਹਾਂ। ਫ਼ਰੰਗੀ ਬੋਲਿਆ ਕਿ ਛੁੱਟੀ ਨਾ ਮਿਲੇਗੀ। ਸਿੰਘਾਂ ਨੇ ਕਹਾ : ਦਰਵੇਸ਼ ਲੋਕ ਹੈਂ। ਕਿਸੇ ਕਾ ਹਰਜ ਨਹੀਂ ਕਰਦੇ। ਫ਼ਰੰਗੀ ਨੇ ਕਹਾ :



Sri Satguru Jagjit Singh Ji eLibrary NamdhariElibrary@gmail.com

ਤੁਮ ਦਰਵੇਸ਼ ਨਹੀਂ ਹੈਂ । ਕੜਾਹ ਪ੍ਰਸ਼ਾਦ ਛਕਦੇ ਹੋ । ਲਾਲੀਆਂ ਧੁਆਡੇ ਮੂੰਹ ਪਰ ਦਗਦੀਆਂ ਹੈਨ । ਦਰਵੇਸ਼ਾਂ ਵਾਲਾ ਧੁਆਡਾ ਕੋਈ ਭੇਸ ਨਹੀਂ । ਤੁਮਾਰਾ ਤੌਰ ਪਾਤਸ਼ਾਹਾਂ ਵਾਲਾ ਹੈ । ਅਸੀਂ ਧੁਆਨੂੰ ਖੁਲ੍ਹ ਕਰ ਕੇ ਅਪਨੇ ਰਾਜ ਸੇ ਹਥ ਧੋਇ ਬੈਠੀਏ । ਜਾਓ ਛੁੱਟੀ ਨਹੀਂ ਮਿਲੇਗੀ ।"

"ਲੁਦਿਹਾਣੇ ਕਾ ਏਕ ਫ਼ਰੰਗੀ ਸੀ ਉਸ ਕੋ ਬਚਨ ਕੀਤਾ ਕਿ ਸਾਨੂੰ ਛੁੱਟੀ ਦਿਓ । ਉਸ ਨੇ ਕਹਾ ਕਿ ਲਾਟ ਕੇ ਅਖ਼ਤਿਆਰ ਮੇ ਹੈ । ਸੂਬਿਆਂ ਨੇ (ਗੁਰੂ ਰਾਮ ਸਿੰਘ ਜੀ ਨੂੰ) ਆਇ ਕਹਿਆ : ਜਾਂ ਲਾਟ ਛੁੱਟੀ ਨਹੀਂ ਦਿੰਦਾ । ਸ੍ਰੀ ਸਤਿਗੁਰੂ ਜੀ ਤੇਜੀ ਮੈ ਹੋਇ ਕੇ ਬਚਨ ਕੀਤਾ : ਚਲੋ ਖ਼ਾਲਸਾ ਜੀ ਅੰਮ੍ਰਿਤਸਰ ਕੋ । ਅਸੀਂ ਬੀ ਆਏ । ...ਅੰਤ ਜਿਲਾ ਤੇ ਕਪਤਾਨ ਸਾਹਿਬ ਨੇ ਰਾਮਦਾਸ ਪੁਰੇ (ਭੈਣੀ ਸਾਹਿਬ) ਮੈਂ ਆਇ ਕੇ ਛੁੱਟੀ ਦੇ ਦਿਤੀ ਦੀਪ ਮਾਲਾ ਦੇਖਨ ਦੀ ।"

## ਦੁਸਹਿਰਾ

ਰਾਜਨੀਤਕ ਖੇਤਰ ਵਿਚ ਕਿਧਰੇ ਕੋਈ ਹਲਚਲ ਨਹੀਂ ਸੀ । ਨਾਮਧਾਰੀਆਂ ਅਥਵਾ ਕੂਕਿਆਂ ਦੀਆਂ ਸਰਗਰਮੀਆਂ ਮਿਲਵਾਂ ਜਿਹਾ ਪ੍ਰਭਾਵ ਦਿੰਦੀਆਂ ਸਨ । ਪੂਰੀ ਤਰ੍ਹਾਂ ਨਹੀਂ ਸੀ ਕਿਹਾ ਜਾ ਸਕਦਾ ਕਿ ਇਹ ਸਭ ਕੁਝ ਰਾਜਸੀ ਹੈ ਅਤੇ ਨਾ ਹੀ ਇਸ ਨੂੰ ਗ਼ੈਰ-ਰਾਜਸੀ ਮੰਨਿਆ ਜਾ ਸਕਦਾ ਸੀ । ਸੁ ਪੁਲਿਸ ਹਰ ਤਰ੍ਹਾਂ ਚੁਕੰਨੀ ਰਹਿੰਦੀ ।

ਗੁਰੂ ਰਾਮ ਸਿੰਘ ਜੀ ਦੀ ਦੀਪਮਾਲਾ ਜਾਣ ਦੀ ਤਿਆਰੀ ਵੇਖ ਕੇ, ਦੁਸਹਿਰੇ ਦੇ ਦਿਨੀਂ ਕਪਤਾਨ ਮੌਨਜ਼ੀਸ ਐਸ. ਪੀ. ਅੰਮ੍ਰਿਤਸਰ ਨੇ ਇਕ ਸੂਹੀਆ ਭੈਣੀ ਸਾਹਿਬ ਭੇਜਿਆ । ਉਸ ਆ ਕੇ ਸੂਚਨਾ ਦਿਤੀ : ਦੁਸਹਿਰੇ ਦੇ ਮੌਕੇ ਕੋਈ ੩੦੦੦ ਨਾਮਧਾਰੀ ਭੈਣੀ ਸਾਹਿਬ ਇਕੱਠੇ ਹੋਏ ਸਨ । ਸੂਬੇ ਵੀ ਪਹੁੰਚੇ ਹੋਏ ਸਨ । ੧੫੦੦੦ ਨਾਮਧਾਰੀ ਅੰਮ੍ਰਿਤਸਰ ਪਹੁੰਚਣਗੇ ।

ਸਰਕਾਰ ਨੂੰ ਤਾਅੱਜੁਬ ਸੀ ਕਿ ਬਿਨਾਂ ਉਸ ਦੀ ਡਾਕ ਤਾਰ ਦੀ ਮਦਦ ਲਏ ਜਦੋਂ ਲੋੜ ਪਏ ਕੂਕੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਕਿਵੇਂ ਹੋ ਜਾਂਦੇ ਹਨ ।

## ਦੀਵਾਲੀ

ਦੀਵਾਲੀ ਦੇ ਸਮੇਂ ਸਾਰਾ ਗੁਰੂ ਪਰਵਾਰ ਅਤੇ ਸਭੋ ਸੂਬਾ ਸਾਹਿਬਾਨ ਅੰਮ੍ਰਿਤਸਰ ਪਹੁੰਚੇ । ੨੭ ਅਕਤੂਬਰ ੧੮੬੭ ਨੂੰ ਗੁਰੂ ਰਾਮ ਸਿੰਘ ਜੀ, ਸੂਬੇ ਅਤੇ ਕੁਝ ਹੋਰ ਜ਼ਿਮੇਵਾਰ ਨਾਮਧਾਰੀ ਦਰਬਾਰ ਸਾਹਿਬ ਮੱਥਾ ਟੇਕਣ ਗਏ । ਹੋਰ ਥਾਈਂ ਵੀ ਭੇਟਾ ਧਰੀ — ਸਿਰੋ-ਪਾਉ ਲਏ, ਪਰ ਜਦੋਂ ਅਕਾਲ ਤਖ਼ਤ ਆਏ ਤਾਂ ਅਨੰਦਪੁਰ ਵਾਲੀ ਗੱਲ ਹੀ ਹੋ ਗਈ । ਪੁਜਾਰੀ ਨੇ ਅਰਦਾਸਾ ਕਰਨੋਂ ਨਾਂਹ ਕਰ ਦਿਤੀ । ਸੂਬਾ ਸਾਹਿਬ ਸਿੰਘ ਜੀ ਨੇ ਪਹਿਲਾਂ ਹੀ ਬੇਨਤੀ ਕਰ ਦਿਤੀ ਸੀ । ਸਤਿਗੁਰੂ ਬਿਲਾਸ ਵਿਚ ਬਾਬਾ ਸੰਤੋਖ ਸਿੰਘ ਨੇ ਨੋਟ ਕੀਤਾ ਹੈ : "ਜਾਂ ਅਕਾਲ ਬੁੰਗੇ ਜਾਣ ਦਾ ਇਰਾਦਾ ਕੀਤਾ ਤਾਂ ਬਾਬਾ ਸਾਹਿਬ ਸਿੰਘ ਜੀ ਕਹਿਆ : ਜੀ ਗੁਰੂ ਸਰਬੱਗ ਹੈ । ਕੀ ਕਰਨਾ ਹੈ ਜਾਇਕੇ । ਏਥੋਂ ਹੀ ਮੱਥਾ ਟੇਕ ਲਓ । ਜੇ ਜਾਈਦਾ ਹੈ ਤਾਂ ਸਾਨੂੰ ਤਨਖ਼ਾਹੀਏ ਕਹਿੰਦੇ ਹੈਂ । ਇਹ ਸ਼ਰਮਿੰਦੇ ਨਹੀਂ ਹੁੰਦੇ ।



Sri Satguru Jagjit Singh Ji eLibrary NamdhariElibrary@gmail.com

ਸਾਨੂੰ ਤਨਖ਼ਾਹੀਏ ਕਹਿੰਦੇ ਹੈਂ। ਅਸੀਂ ਨਿਤਨੇਮ ਪਾਠ ਕਰਦੇ ਹਾਂ। ਸਾਨੂੰ ਕਹਿੰਦੇ ਹੈਂ ਏਹ ਤਨਖ਼ਾਹੀਏ।''

ਸਾਹਿਬ ਸਿੰਘ ਜੀ ਦੇ ਇਹ ਸ਼ਬਦ ਉਨ੍ਹਾਂ ਦੇ ਮਨ ਦੀ ਦਸ਼ਾ ਬਿਆਨਦੇ ਹਨ। ਅਰਦਾਸ ਤਾਂ ਸਤਿਗੁਰੂ ਜੀ ਨੇ ਇਕ ਨਾਮਧਾਰੀ ਦੁਆਰਾ ਆਪ ਕਰਵਾ ਲਈ ਤੇ ਕੜਾਹ ਪ੍ਰਸ਼ਾਦ ਵਰਤਾ ਦਿਤਾ, ਪਰ ਇਹ ਸਪੱਸ਼ਟ ਹੋ ਗਿਆ ਕਿ ਸਾਰੇ ਤਖ਼ਤਾਂ ਅਤੇ ਤੀਰਥ ਅਸਥਾਨਾਂ ਤੇ ਅੰਗਰੇਜ਼ ਦੇ ਚਾਟੜੇ ਬੈਠੇ ਹੋਏ ਹਨ। ਇਹ ਸਿੱਖੀ ਦੀ ਅਸਲੀਅਤ ਪਛਾਣਨ ਦੀ ਥਾਂ ਗੋਲਕਾਂ ਤੇ ਕਬਜ਼ੇ ਕਾਇਮ ਰਖਣ ਲਈ ਝਗੜੇ ਲੜਾਈਆਂ ਤੇ ਫਿਰ ਅੰਗਰੇਜ਼ੀ ਸਰਕਾਰ ਦੀ ਓਟ ਲੈਂਦੇ ਹਨ।

## ਖੱਟੀਆਂ ਮਿੱਠੀਆਂ

ਸਤਿਗੁਰੂ ਰਾਮ ਸਿੰਘ ਅਤੇ ਸੂਬੇ ਨਾਮਧਾਰੀਆਂ ਦੀ ਅਗਵਾਈ ਬੜੀ ਨਾਜ਼ਕ ਹਾਲਤ ਵਿਚ ਕਰ ਰਹੇ ਸਨ। ਲੋਕਾਂ ਦਾ ਹੇਠਲਾ ਤਬਕਾ ਜੱਟ, ਤਰਖਾਣ, ਲੁਹਾਰ, ਨਾਈ, ਛੀਂਬੇ, ਕੁਮ੍ਹਾਰ, ਕੰਬੋਅ ਆਦਿ ਭਾਰੀ ਗਿਣਤੀ ਵਿਚ ਨਾਮਧਾਰੀ ਬਣ ਰਹੇ ਸਨ, ਉਹ ਤਬਕਾ ਵੀ ਜਿਸ ਨੂੰ ਅਛੂਤ ਸਮਝਿਆ ਜਾਂਦਾ ਹੈ, ਚੌਥੇ ਪੌੜੇ ਦੇ ਨਾਮ ਹੇਠ ਸਿੰਘ ਸਜ, ਜੀਵਨ ਦੀਆਂ ਵਾਧੂ ਖਜਾਲਤਾਂ ਵਿਚੋਂ ਨਿਕਲ, ਉੱਚੇ ਚਰਿੱਤਰ ਵਲ ਵਧ ਰਿਹਾ ਸੀ। ਇਹ ਲੋਕ ਖ਼ਾਲਸਾ ਰਾਜ ਦੀ ਆਸ ਨਾਲ ਵੀ ਲਟਲਟਾ ਰਹੇ ਸਨ ਕਿਉਂਕਿ ਅੰਗਰੇਜ਼ ਸਰਕਾਰ ਨੇ ਹਰੇਕ ਤਬਕੇ ਨੂੰ ਹੀ ਕੁਝ ਨਾ ਕੁਝ ਟੈਕਸ ਲਾ ਵਿਦੇਸੀ ਹਕੂਮਤ ਹੋਣ ਦਾ ਅਹਿਸਾਸ ਕਰਵਾ ਛੱਡਿਆ ਸੀ।

ਦੂਜੇ ਪਾਸੇ, ਅੰਗਰੇਜ਼ ਅਧਿਕਾਰੀ ਅਤੇ ਉਨ੍ਹਾਂ ਦੇ ਹਵਾਰੀ, ਉਨ੍ਹਾਂ ਦੁਆਰਾ ਵਰੋਸਾਏ ਹੋਏ ਗੁਰੂ ਰਾਮ ਸਿੰਘ ਦੀ ਇਸ ਧਰਮ ਸ਼ਕਤੀ ਵਲੋਂ ਤ੍ਰੱਠੇ ਹੋਏ ਕਿਸੇ ਵੀ ਬਹਾਨੇ ਇਨ੍ਹਾਂ ਨੂੰ ਵਧਣੋਂ ਫੈਲਣੋਂ ਰੋਕਣ ਦੀਆਂ ਵਿਉਂਤਾਂ ਵਿਚ ਸਨ।

ਅਜਿਹੇ ਵਿਚ ਸਮਾਜਕ ਜੀਵਨ ਅੰਦਰ ਸਾਹਿਬ ਸਿੰਘ ਜੀ ਨਾਲ ਕਈ ਖੱਟੀਆਂ ਮਿੱਠੀਆਂ ਵਾਪਰਦੀਆਂ। ਮਨੁੱਖਾ ਜੀਵਨ ਵਿਚ ਕਿਵੇਂ ਉਤਰਾਈਆਂ-ਚੜ੍ਹਾਈਆਂ ਆਉਂਦੀਆਂ ਹਨ ਉਨ੍ਹਾਂ ਦੀ ਵੰਨਗੀ ਵੀ ਸਾਨੂੰ ਪ੍ਰਾਪਤ ਹੋ ਸਕਦੀ ਹੈ। ਸੰਤੋਖ ਸਿੰਘ ਜੀ ਦੀ ਅਣਛਪੀ ਵਿਸਤ੍ਰਿਤ ਲਿਖਤ ਵਿਚੋਂ ਬਿਖਰੇ ਹੋਏ ਕਿਣਕੇ ਇਕੱਤਰ ਕਰ ਕੇ ਉਨ੍ਹਾਂ ਦੀਆਂ ਕੁਝ ਝਲਕੀਆਂ ਏਥੇ ਦੇ ਰਹੇ ਹਾਂ :

ਸੂਬਾ ਸਾਹਿਬ ਸਿੰਘ ਵੱਖ ਵੱਖ ਸਮਿਆਂ ਤੇ ਸਤਿਗੁਰੂ ਜੀ ਪਾਸੋਂ ਅੱਡ ਅੱਡ ਨੁਕਤਿਆਂ ਤੇ ਵਿਚਾਰ ਲੈਂਦੇ ਰਹਿੰਦੇ। ਇਕ ਦਿਨ ਉਨ੍ਹਾਂ ਸਤਿਗੁਰਾਂ ਨੂੰ ਪੁੱਛਿਆ : ''ਜੇ ਕਰ ਦੁਆੜਾ ਸਿੰਘ ਹੋਵੇ ਅਤੇ ਕਹੇ ਕਿ (ਮੈਂ) ਸਿੱਖੀ ਸੇ (ਤੋਂ) ਖ਼ਾਰਜ ਅਤੇ ਬੇਦਾਵਾ ਲਿਖ ਦੇਵੇ, ਉਸਕੇ ਵਾਸਤੇ ਕੀ ਬਚਨ ਹੈ। ਗੁਰੂ ਜੀ ਬਚਨ ਕੀਤਾ : ਸੌਤ ਜਨਮ ਕਾ ਅੱਗੇ ਸਿੱਖ ਨਹੀਂ ਹੂਆ ਅਤੇ ਚੌਦਾਂ ਜਨਮ ਅੱਗੇ ਤੋਂ ਸਿੰਘ ਨਹੀਂ ਹੁੰਦਾ। ਇੱਕੀ ਜਨਮ ਕੀ ਟੋਢ ਉਸ ਕੇ ਵਾਸਤੇ ਹੈ।''

* * *



Sri Satguru Jagjit Singh Ji eLibrary NamdhariElibrary@gmail.com

"ਹੋਰ ਪ੍ਰਸ਼ਨ ਕੀਤਾ : ਜੋ ਧੁਆਡੀ ਰੀਤੀ ਮਰਯਾਦਾ ਮੈ ਪੂਰਾ ਹੋਵੇ। ਅਤੇ ਜੇ ਕੋਈ ਪੰਜ ਐਬ ਕਰਦਾ ਹੈ ਸੋ ਉਸ ਨੂੰ ਕੀ ਚਾਹੀਏ ? ਕੰਜਰੀ ਤੇ ਮਾਸ ਸ਼ਰਾਬ ਸਭ ਬਰਤਦਾ ਹੋਵੇ। ਬਚਨ ਕੀਤਾ : ਇਹ ਜੋ ਚਾਰ-ਅੱਖਰਾ ਭਜਨ ਹੈ, ਜਿਸ ਨੇ ਜਪਿਆ ਹੈ ਉਸ ਦੀ ਚੁਰਾਸੀ ਤਾਂ ਕੱਟੀ ਗਈ। ਜਦ ਮਿਲੇਗਾ ਮਨੁੱਖਾ ਜਨਮ ਹੀ ਮਿਲੇਗਾ। ਇਕ ਜਨਮ ਖੋਟੇ ਕਰਮ ਕਰੂ ਤਾਂ ਦੂਸਰੇ ਜਨਮ ਸੁਧਰ ਜਾਵੇਗਾ।"

* '* *

"ਏਕ ਸਮੇਂ ਭਜਨ ਕਰਦੇ ਸੇ ਇਕੰਤ ਜਇ ਕੇ। ਬਾਬਾ ਸਾਹਿਬ ਸਿੰਘ ਲੱਸੀ ਛਕਾਵਣ ਕੋ ਲੈ ਗਿਆ। ਗੁਰੂ ਜੀ ਬਚਨ ਕੀਤਾ : ਤੈਨੂੰ ਰੰਗ ਦਿਖਾਵੀਏ ? ਆਖਿਆ : ਆਪ ਕੀ ਰਜਾਇ ਹੈ। ਏਤਨਾ ਕਹਿਣ ਸੇ ਗੁਰੂ ਜੀ ਕੇ ਚਰਨ ਧਰਤੀ ਨਾਲ ਅਤੇ ਸੀਸ ਅਕਾਸ਼ ਵਿਚ। ਬਾਬਾ ਸਾਹਿਬ ਸਿੰਘ ਐਸੀ ਕੁਦਰਤ ਦੇਖ ਕੇ ਅਸਚਰਜ ਹੋ ਗਿਆ। ਫੇਰ ਆਪਣੇ ਸਰੀਰ ਮੈ ਹੋਇਕੇ ਬਚਨ ਕੀਤਾ : ਸਾਹਿਬ ਸਿੰਘ ਜੋ ਕੋਈ ਇਸ ਰੂਪ ਕਾ ਦਰਸ਼ਨ ਕਰ ਲਵੇਗਾ ਉਸ ਕੋ ਸਾਰੀ ਉਮਰ ਕੇ ਭਜਨ ਕਾ ਫਲ ਪ੍ਰਾਪਤ ਹੋਵੇਗਾ।"

* * *

"(ਅੰਮ੍ਰਿਤਸਰ ਦੀਪ ਮਾਲਾ) ਬੜਾ ਮੇਲਾ ਕੀਤਾ। ਬਹੁਤ ਸਿੰਘਾਂ ਨੇ ਭਜਨ ਲਿਆ। ਜਾਂ (ਘੋੜੀ ਤੇ) ਅਸਵਾਰ ਹੋਣ ਦਾ ਬਖਤ ਆਇਆ ਤਾਂ ਸੂਬੇ (ਸਾਹਿਬ ਸਿੰਘ) ਕੀ ਘੋੜੀ ਕਾ ਦੁਲੱਤਾ ਲਗਾ। ਸ੍ਰੀ ਸਤਿਗੁਰੂ ਜੀ ਦੁਲੱਤਾ ਲਗਣੇ ਸੇ ਕਾਲਜਾ ਦਬਾਇ ਕੇ ਬੈਠ ਗਏ। ਛਿਨ ਮਾਤ੍ਰ ਮੈ ਰਾਜੀ ਹੋਇ ਗਏ। ਚੀਨੀ ਪਰ ਸਵਾਰ ਹੋਇ ਕੇ ਚਲੇ।"

* * *

"ਵਰਨਾ (ਪਿੰਡ ਦਾ ਨਾਮ) ਮੈ ਇਕ ਰਾਗੀ ਦੋਤਾਰਾ ਵਜਾਂਵਦਾ ਸੀ। (ਉਸ) ਸ਼ਬਦ ਪੜਿਆ। ਮਾੜਾ ਜਿਹਾ ਸੀ। ਗੁਰੂ ਜੀ ਬਚਨ ਕੀਤਾ : ਸਾਹਿਬ ਸਿੰਘ, ਏਸ ਨੂੰ ਦੋ ਰੁਪਏ ਦਿਓ। ਸਾਹਿਬ ਸਿੰਘ ਨੇ ਕਹਾ : ਚੁਆਨੀ ਅਠਿਆਨੀ ਦੇਣ ਕੀ ਲਾਇਕ ਹੈ। ਗੁਰੂ ਜੀ ਉਤੇ ਪਸ਼ਮੀਨੇ ਦੀ ਚਾਦਰ ਸੀ, ਸੋ ਲਾਹ ਕੇ ਦੇ ਦਿਤੀ। ਇੱਕੀ ਰੁਪਏ ਵਾਲੀ।"

ਸਤਿਗੁਰੂਆਂ ਪਾਸ ਕਈ ਵਾਰ ਅਜਿਹੇ ਖ਼ਜ਼ਾਨਚੀ ਆ ਜਾਂਦੇ ਹਨ, ਜਾਂ ਕੋਲ ਆਕੇ ਸਮਾਂ ਪਾ ਕੇ ਐਸੇ ਹੋ ਜਾਂਦੇ ਹਨ ਕਿ ਉਹ ਸਤਿਗੁਰਾਂ ਦੀ ਉਦਾਰਤਾ ਨਾ ਸਮਝ ਕੇ ਆਪਣੀ ਸੋਚ-ਸਮਝ ਨੂੰ ਵਧੇਰੇ ਮੁਨਾਸਬ ਜਾਣਨ ਲਗ ਪੈਂਦੇ ਹਨ। ਇਹ ਉਹ ਲੋਕ ਹੁੰਦੇ ਹਨ ਜਿਨ੍ਹਾਂ ਬਾਰੇ ਗੁਰੂਆਂ ਨੇ ਕਿਹਾ ਹੈ : ਦਾਤ ਪਿਆਰੀ ਵਿਸਰਿਆ ਦਾਤਾਰਾ।

* * *

"ਏਕ ਦਿਨ ਬਾਬੇ ਜੱਸਾ ਸਿੰਘ ਜੀ (ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ) ਨੇ ਬਚਨ ਕੀਤਾ ਬਾਬੇ ਸਾਹਿਬ ਸਿੰਘ ਨੂੰ : ਮੈਨੂੰ ਵਰ ਲੈ ਦੇਵੋ। ਤੁਸੀਂ ਸੱਚੇ ਪਾਤਸ਼ਾਹ ਦੀ ਦੇਹ ਹੋ। ਕੋਲੋਂ ਬਾਬੇ ਕਾਹਨ ਸਿੰਘ ਨੇ ਭੀ ਕਹਾ : ਮੈਨੂੰ ਭੀ ਵਰ ਲੈ ਦੇਵੋਂ। ਕੋਲੋਂ (ਸੂਬਾ) ਬ੍ਰਹਮਾ ਸਿੰਘ ਨੇ ਕਹਾ : ਮੈਨੂੰ ਭੀ ਵਰ ਲੈ ਦੇਵੋ। ਬਾਬੇ ਸਾਹਿਬ ਸਿੰਘ ਨੇ ਕਹਾ : ਸਤ ਬਚਨ। ਜਿਸ ਵਖਤ ਖ਼ੁਸ਼ੀ ਮੈ ਸਾਹਿਬ ਆਵੈਂ ਗੇ, ਲੈ ਦੇਵਾਂਗੇ। ਕੋਈ ਦਿਨ ਪਾ ਕੇ ਅੰਤਰਜਾਮੀ ਜੀ ਬਚਨ ਕੀਤਾ : ਲਿਆ ਜੋੜੇ ਤੈਨੂੰ ਕਹਿੰਦੇ ਸੇ ਵਰ ਲੈ ਦਿਓ।"

* * *



Sri Satguru Jagjit Singh Ji eLibrary NamdhariElibrary@gmail.com

ਮਾਨਾ ਵਾਲਾ ਜ਼ਿਲਾ ਸ਼ੇਖੂ ਪੁਰ ਵਿਚ ਸ: ਹੀਰਾ ਸਿੰਘ ਨੇ ਹੋਲੇ ਦਾ ਮੇਲਾ ਕਰਵਾਇਆ। ਕੁਲ ਜ਼ਿਲਿਆਂ ਤੋਂ ਨਾਮਧਾਰੀ ਹਜ਼ਾਰਾਂ ਦੀ ਤਾਦਾਦ ਵਿਚ ਹੋਲੇ ਵਿਚ ਆਏ। ਉਦੋਂ ਆਵਾਜਾਈ ਦੇ ਵਸੀਲੇ ਤਾਂ ਹੈ ਨਹੀਂ ਸਨ ਲੋਕ ਕਈ ਦਿਨ ਪਹਿਲਾਂ ਹੀ ਜਥਿਆਂ ਦੇ ਰੂਪ ਵਿਚ ਚਲ ਪੈਂਦੇ। ਅਖੀਰਲੇ ਦਿਨ ਸਰਦਾਰ ਨੇ ਸਤਿਗੁਰੂ ਜੀ ਦੇ ਸਤਿਕਾਰ ਵਿਚ ਸੁਨਹਿਰੀ ਸਾਜ਼ਸਾਮਾਨ ਨਾਲ ਸ਼ਿੰਗਾਰ ਕੇ ਚੰਬੀ ਘੋੜੀ, ੧੦੧ ਰੁਪਏ ਨਕਦ, ੫੦੦ ਰੁਪਏ ਦੇ ਮੁੱਲ ਦਾ ਇਕ ਚੋਗਾ ਅਤੇ ਇਕ ਕੀਮਤੀ ਜੋੜਾ ਚਰਨਾਂ ਲਈ ਮੱਥਾ ਟੇਕਿਆ। ਬਾਬਾ ਸੰਤੋਖ ਸਿੰਘ ਦੇ ਸਬਦਾਂ ਵਿਚ : "ਏਕ ਚੋਗਾ ਪਾਂਚ ਸੌ ਕੀਮਤ ਵਾਲਾ ਭੇਟਾ ਧਰਿਆ। ਸ੍ਰੀ ਸਤਿਗੁਰੂ ਜੀ ਬਾਬੇ ਸਾਹਿਬ ਸਿੰਘ ਕੋ ਦੇ ਦੀਆ।" ਸਾਹਿਬ ਸਿੰਘ ਜੀ ਦਾ ਇਹ ਮਾਣ ਕੋਈ ਸਾਧਾਰਨ ਨਹੀਂ ਸੀ। ਸਤਿਗੁਰੂ ਜੀ ਵਲੋਂ ਇਸ ਪਿਆਰ ਸਤਿਕਾਰ ਨੂੰ ਵੇਖ ਕੇ ਕੋਲ ਖਲੋਤਾ ਇਕ ਹੋਰ ਜਵਾਨ ਸੂਬਾ ਗਿਆਨੀ ਰਤਨ ਸਿੰਘ ਬੋਲ ਪਿਆ : "ਤੂੰ ਮੀਰਜਾਦਾ ਹੋ ਗਿਆ ਹੈਂ। ਟਸੰਘ ਕਾ ਉਤਾਰ ਲੈ ਲਿਆ ਹੈ। ਸਾਧੂ ਪਦ ਨ ਰਿਹਾ।" ਸਤਿਗੁਰੂ ਜੀ ਨੇ ਮਨ ਵੇਦਨ ਜਾਣ ਤੁਰਤ ਕਿਹਾ : "ਤੂੰ ਦਿੱਤੂ ਰਾਗੀ ਨੂੰ ਦੇ ਦੇ।" ਸਾਹਿਬ ਸਿੰਘ ਜੀ ਨੇ ਝੱਟ ਦਿੱਤੂ ਰਾਗੀ ਨੂੰ ਦੇ ਦਿਤਾ।

ਸਾਹਿਬ ਸਿੰਘ ਜੀ ਨੂੰ ਨਾ ਲੈਣ ਲਗਿਆਂ ਲਾਲਚ ਸੀ ਨਾ ਦੇਣ ਲਗਿਆਂ ਮੋਹ। ਪਰ ਅਜਿਹੇ ਸਮਿਆਂ ਤੇ ਵਿਸ਼ਾਦ ਦੀ ਇਕ ਹਲਕੀ ਜੇਹੀ ਰੇਖਾ ਫਿਰ ਜਾਣੀ ਤਾਂ ਮਾਨਵੀ ਸੁਭਾਉ ਹੀ ਹੈ। ਪ੍ਰੰਤੂ ਗੁਰੂ ਰਾਮ ਸਿੰਘ ਜੀ ਦੀ ਮਾਨਸਿਕ ਨੇੜਤਾ ਵਡੇ ਤੋਂ ਵਡੇ ਵਿਸ਼ਾਦ ਨੂੰ ਵੀ ਚਿੱਤ ਤੇ ਟਿਕਣ ਨਹੀਂ ਸੀ ਦਿੰਦੀ। ਪੱਟੀ ਦੂਜੀ ਘੜੀ ਸਾਫ਼ ਹੋ ਜਾਂਦੀ।

* * *

ਸੂਬਾ ਸਾਹਿਬ ਸਿੰਘ ਜੀ ਦੇ ਦੂਜੇ ਭਾਈ ਰੂੜ ਸਿੰਘ ਜੀ ਵੀ ਜੋ ਉਮਰੋਂ ਪੰਜ ਸਾਲ ਇਨ੍ਹਾਂ ਤੋਂ ਵਡੇ ਸਨ। ੧੮੬੦ ਈ: ਦੇ ਲਾਗੇ ਚਾਗੇ ਗੁਰੂ ਚਰਨਾਂ ਵਿਚ ਆ ਗਏ ਅਤੇ ਜਦੋਂ ਸੂਬਿਆਂ ਦੀ ਸਥਾਪਨਾ ਕੀਤੀ ਗਈ ਉਦੋਂ ਇਨ੍ਹਾਂ ਦੇ ਗੁਣਾਂ ਦਾ ਵੀ ਮੁੱਲ ਪੈ ਗਿਆ। ਰੂੜ ਸਿੰਘ ਜੀ ਵੀ ਸੂਬੇ ਬਣਾਏ ਗਏ। ਇਸ ਨਾਲ ਭਾਈ ਦਿਆਲ ਸਿੰਘ ਜੀ ਦੇ ਦੋਵੇਂ ਸਪੁੱਤ੍ਰ ਉਸ ਤਹਿਰੀਕ ਵਿਚ ਆਗੂਆਂ ਵਾਲੀ ਪੁਜ਼ੀਸ਼ਨ ਵਿਚ ਆ ਗਏ ਜਿਸ ਵਿਚ ਚੋਖੀਆਂ ਅਗੇ ਵਧਣ ਦੀਆਂ ਸੰਭਾਵਨਾਵਾਂ ਸਨ।

## ਨੈਪਾਲ ਨੂੰ ਮਿਸ਼ਨ

ਪੰਜਾਬ ਦੀ ਅੰਗਰੇਜ਼ ਸਰਕਾਰ ਦੀਆਂ ਸਾਰੀਆਂ ਚੌਕਸੀਆਂ ਦੇ ਬਾਵਜੂਦ ਸੂਬਿਆਂ ਦੁਆਰਾ ਜੰਮੂ-ਕਸ਼ਮੀਰ ਤਕ ਨਾਮਧਾਰੀ ਸਰਗਰਮੀਆਂ ਦੀ ਪਹੁੰਚ ਹੋ ਗਈ। ਕਸ਼ਮੀਰ ਵਿਚ ਇਕ ਕੂਕਾ ਰਜਮੈਂਟ ਨਾਂ ਦੀ ਸ਼ਕਤੀ ਪਨਪਣ ਲਗੀ। ਦੂਜੇ ਪਾਸੇ ਨੈਪਾਲ ਵਿਚ ਵੀ ਕੂਕਿਆਂ ਦਾ ਹੱਥ ਪੈ ਗਿਆ। ਨੈਪਾਲ ਵਿਚ ਗਏ ਕੁਝ ਕੂਕਿਆਂ ਨੇ ਗੁਰੂ ਰਾਮ ਸਿੰਘ ਜੀ ਦੀ ਤਹਿਰੀਕ ਦੀ ਐਸੀ ਆਕਰਸ਼ਕ ਤਸਵੀਰ ਪੇਸ਼ ਕੀਤੀ ਕਿ ਮਹਾਰਾਜ ਜੰਗ ਬਹਾਦਰ ਨੂੰ ਗੁਰੂ ਰਾਮ ਸਿੰਘ ਜੀ ਨਾਲ ਨੇੜਤਾ ਵਿਚ ਦਿਲਚਸਪੀ ਹੋ ਗਈ। ਅਸਲ ਵਿਚ ਕਸ਼ਮੀਰ ਤੇ ਨੈਪਾਲ ਰਾਜ ਅੰਗਰੇਜ਼ ਨੂੰ ਪਸੰਦ ਨਹੀਂ ਸਨ ਕਰਦੇ, ਪਰ ਨੰਗੀ ਚਿੱਟੀ ਵਿਰੋਧਤਾ ਵੀ ਨਹੀਂ ਸਨ ਕਰ ਸਕਦੇ। ਇਸ ਲਈ ਜਦ ਤਕ ਗੱਲ ਉੱਘੜ ਕੇ ਸਾਹਮਣੇ



Sri Satguru Jagjit Singh Ji eLibrary NamdhariElibrary@gmail.com

ਨਾ ਆਉਂਦੀ ਓਨਾ ਚਿਰ ਤਕ ਅੰਗਰੇਜ਼ ਵਿਰੋਧੀਆਂ ਨੂੰ ਹੱਲਾ ਸ਼ੇਰੀ ਦਿਤੀ ਜਾ ਸਕਦੀ ਸੀ।

ਪੰਜਾਬ ਵਿਚੋਂ ਗਏ ਹੋਏ ਇਕ ਨਾਮਧਾਰੀ ਕਿਸ਼ਨ ਸਿੰਘ ਉਰਫ ਹਰੀ ਸਿੰਘ ਨੂੰ, ਜਿਸ ਦੇ ਪੰਜਾਬ ਸਰਕਾਰ ਨੇ ਵਾਰੰਟ ਕਢੇ ਹੋਏ ਸਨ, ਮਹਾਰਾਜਾ ਨੈਪਾਲ ਨੇ ਪੰਜਾਬ ਸਰਕਾਰ ਨੂੰ ਮੋੜਨੋਂ ਇਨਕਾਰ ਕਰ ਦਿਤਾ। ਉਹ ਖ਼ੁਦ ਵਿਦੇਸੀ ਸਰਕਾਰ ਨੂੰ ਆਪਣਾ ਮਿੱਤਰ ਨਹੀਂ ਸੀ ਸਮਝਦਾ। ਜਦੋਂ ਗੁਰੂ ਰਾਮ ਸਿੰਘ ਜੀ ਦੇ ਵੱਡੇ ਤੇ ਲੁਕਵੇਂ ਮਨੋਰਥ ਦਾ ਮਹਾਰਾਜ ਨੈਪਾਲ ਨੂੰ ਪਤਾ ਲਗਾ ਉਸ ਨੇ ਮਿਲਣ ਦੀ ਇੱਛਾ ਦੱਸੀ।

ਸਤਿਗੁਰੂ ਬਿਲਾਸ ਅਨੁਸਾਰ, "ਰਾਜੇ ਨੇ ਸਿੰਘਾਂ ਕੋ ਪੁਛਿਆ : ਉਸ ਮੁਲਕ ਮੇ ਕੌਨ ਸਾ ਪਸ਼ੂ ਅੱਛਾ ਹੁੰਦਾ ਹੈ। ਸਿੰਘਾਂ ਨੇ ਕਹਾ : ਜੀ ਭੈਂਸਾਂ ਚੰਗੀਆਂ ਹੁੰਦੀਆਂ ਹੈਂ। ਰਾਜੇ ਨੇ ਕਹਾ ਦੋ ਭੈਂਸਾਂ ਮੰਗਵਾਇ ਦੇਵੋ। ਸਿੰਘਾਂ ਨੇ ਰਾਮਦਾਸ ਪੁਰੇ, ਸਤਿਗੁਰੂ ਜੀ ਕੇ ਸਾਹਮਣੇ ਲਿਖ ਭੇਜਿਆ : ਰਾਜਾ ਦੋ ਭੈਂਸਾਂ ਮੰਗਦਾ ਹੈ। ਅਤੇ ਏਨੀ ਗੱਲ ਗੂੜ੍ਹੇ ਸੰਪਰਕ ਦਾ ਕਾਰਨ ਬਣ ਗਈ।

ਇਸ ਮੌਕੇ ਤੇ ਸਤਿਗੁਰੂ ਜੀ ਨੇ ਸੂਬਾ ਸਾਹਿਬ ਸਿੰਘ ਜੀ ਨੂੰ ਆਪਣੇ ਰਾਜਦੂਤ ਦੇ ਤੌਰ ਤੇ ਨੈਪਾਲ ਜਾਣ ਦਾ ਮਾਣ ਦਿਤਾ। ਸਾਹਿਬ ਸਿੰਘ ਜੀ ਨਾਲ ਦੂਸਰੇ ਸੂਬਾ ਕਾਨ੍ਹ ਸਿੰਘ ਜੀ ਭੇਜੇ। ਸ਼੍ਰੀ ਅਤਰ ਸਿੰਘ ਜੀਵਨ ਸਿੰਘ ਆਦਿ ਚਾਰ ਹੋਰ ਸਰੀਰਾਂ ਨੂੰ ਮਹਾਰਾਜੇ ਅਤੇ ਟਿੱਕੇ ਲਈ ਦੋ ਮੱਝਾਂ ਅਤੇ ਦੋ ਖਚਰਾਂ ਤੁਹਫ਼ੇ ਦੇ ਤੌਰ ਤੇ ਦੇ ਕੇ ਨਾਲ ਘੱਲਿਆ।

"ਨੈਪਾਲ ਦਰਬਾਰ ਦੇ ਕਾਇਦਿਆਂ ਅਨੁਸਾਰ ਕਿਰਪਾਲ ਸਿੰਘ ਨੇ ਪਹੁੰਚਣ ਸਾਰ ਸੂਬਿਆਂ ਦੀ ਮੁਲਾਕਾਤ ਜੰਗ ਬਹਾਦੁਰ ਦੇ ਪੁੱਤਰ ਹਜ਼ੂਰੀ ਜਨਰਲ ਟਿੱਕਾ ਬਬਰ ਜੰਗ ਨਾਲ ਕਰਵਾਈ। ਟਿੱਕਾ ਬਬਰ ਜੰਗ ਨੇ ਇਨ੍ਹਾਂ ਨੂੰ ਆਪਣੇ ਪਿਤਾ ਮਹਾਰਾਜ ਜੰਗ ਬਹਾਦੁਰ ਦੇ ਪੇਸ਼ ਕੀਤਾ। ਤੁਹਫ਼ਿਆਂ ਬਦਲੇ ਗੁਰੂ ਰਾਮ ਸਿੰਘ ਜੀ ਲਈ ਮਹਾਰਾਜ ਤੀਨ ਸਰਕਾਰ ਵਲੋਂ 500 ਰੁਪਏ ਨਕਦ, ਇਕ ਕਸਤੂਰੀ ਤੇ ਸੋਨੇ ਦੀ ਮਾਲਾ, ਇਕ ਦੁਸ਼ਾਲਾ, ਇਕ ਤਿੱਬਤੀ ਘੋੜਾ ਤੇ ਦੋ ਖੋਖਰੀਆਂ ਤੁਹਫ਼ਿਆਂ ਦੇ ਤੌਰ ਤੇ ਭੇਜੀਆਂ ਗਈਆਂ।"*

ਇਹ ਤੁਹਫ਼ੇ-ਵਟਾਂਦਰਾ ਉਸ ਅੰਦਰੂਨੀ ਗਾਂਢੇ-ਸਾਂਢੇ ਦਾ ਪਤਾ ਦਸਦਾ ਹੈ ਜਿਸ ਦੀ ਸੇਧ ਅਵੱਸ਼ ਹੀ ਬਰਤਾਨਵੀ ਸਰਕਾਰ ਵਿਰੁਧ ਸੀ। ਅੰਗਰੇਜ਼ਾਂ ਨੂੰ ਕੂਕਿਆਂ ਬਾਰੇ ਬੇਸ਼ਕ ਐਸਾ ਸ਼ਕ ਤਾਂ ਸੀ, ਪਰ ੧੮੭੧ ਈ: ਤਕ ਉਹ ਇਸ ਬਾਰੇ ਸਪੱਸ਼ਟ ਨਹੀਂ ਸਨ।

ਪਿਛੋਂ ਜਾ ਕੇ ਅੰਗਰੇਜ਼ ਰੈਜ਼ੀਡੈਂਟ ਨੇ ਆਪਣੀ ਰਿਪੋਰਟ ਵਿਚ ਲਿਖਿਆ : ਜੰਗ ਬਹਾਦਰ ਨੇ ਕੂਕਿਆਂ ਦੀ ਬਗਾਵਤ ਸਮੇਂ ਅੰਗਰੇਜ਼ਾਂ ਨੂੰ ਹਰ ਪਰਕਾਰ ਦੀ ਮਦਦ ਦੇਣ ਦੀ ਪੇਸ਼ਕਸ਼ ਕੀਤੀ ਹੈ।**

## ਗਊ ਦਾ ਮਸਲਾ

ਅੰਗਰੇਜ਼ ਨੇ ਪੰਜਾਬ ਤੇ ਕਬਜ਼ਾ ਕਰਦਿਆਂ ਹੀ ਇਕ ਅਜਿਹੀ ਲਾਈਨ ਲੈ ਲਈ ਜਿਸ ਨਾਲ ਚਿਰਾਂ ਤੋਂ ਨਹੁੰ-ਮਾਸ ਵਾਂਗ ਟਿਕੱਠੇ ਵਸਦੇ ਆਏ ਫਿਰਕੇ ਤਣਾਤਣੀ ਵਲ

* ਨਾਮਧਾਰੀ ਇਤਿਹਾਸ, ਹਿੱਸਾ ਪਹਿਲਾ, ਪੰਨਾ ੨੬੭, ੨੬੯।

** ਉਪ੍ਰੋਕਤ।



Sri Satguru Jagjit Singh Ji eLibrary NamdhariElibrary@gmail.com

ਵਧਣ ਅਗੇ। ਅੰਗਰੇਜ਼ 'ਪਾੜੋ ਤੇ ਰਾਜ ਕਰੋ' ਦੇ ਅਸੂਲ ਦਾ ਪੈਰੋਕਾਰ ਸੀ। ਪੰਜਾਬ ਦੇ ਲੋਕਾਂ ਨੇ ਗਊਆਂ ਦਾ ਕੱਟਣਾ-ਵੱਢਣਾ ਤੇ ਮਾਸ ਬਣਾ ਕੇ ਖ਼ਰੀਦਣਾ-ਵੇਚਣਾ ਅਜੇ ਨਹੀਂ ਸੀ ਵੇਖਿਆ ਹੋਇਆ। ਗਵਰਨਲ ਜਨਰਲ ਦੇ ੨੦ ਮਈ ੧੮੪੯ ਦੇ ਇਕ ਐਲਾਨ ਨੇ ਇਸ ਪਾਸੇ ਵਲ ਮੁਸਲਮਾਨਾਂ ਨੂੰ ਪ੍ਰੇਰਿਤ ਕਰ ਲਿਆ ਤੇ ਹੌਲੀ ਸਹਿਜੇ ਇਹ ਹਿੰਦੂ-ਮੁਸਲਿਮ ਸੁਆਲ ਬਣ ਗਿਆ। ਪੰਜਾਬ ਦੇ ਹਿੰਦੂ ਸਿੱਖਾਂ ਦਾ ਧਾਰਮਿਕ ਕੇਂਦਰ, ਅੰਮ੍ਰਿਤਸਰ, ਕਈ ਵੇਰ ਫ਼ਿਰਕਾਦਾਰਾਨਾ ਫ਼ਸਾਦਾਂ ਦੀ ਲਪੇਟ ਵਿਚ ਆਇਆ, ਪਰ ਕਾਨੂੰਨ ਮੁਸਲਮਾਨਾਂ ਦਾ ਤਰਫ਼ਦਾਰ ਸੀ। ਉਹ ਲੋਕ ਜੋ ਚਿਰਾਂ ਤੋਂ ਭਰਾ-ਭਾਈ ਬਣ ਕੇ ਆ ਰਹੇ ਸਨ, ਗਊ ਮਾਸ ਦੇ ਸੁਆਲ ਤੇ ਦੋ ਵਿਰੋਧੀ ਧਿਰਾਂ ਵਿਚ ਬਦਲ ਗਏ। ਅਜਿਹੇ ਵਾਤਾਵਰਨ ਵਿਚ ਅੰਗਰੇਜ਼ ਦੀ ਸ਼ਹਿ ਮੁਸਲਮਾਨਾਂ ਨੂੰ ਪ੍ਰਾਪਤ ਹੁੰਦੀ ਰਹਿੰਦੀ। ਝੋਲੀ ਚੁਕ, ਟੁਕੜਬੋਚ ਤੇ ਉੱਚ ਪਦਵੀਆਂ ਤੇ ਵਿਰਾਜਮਾਨ ਹਿੰਦੂ-ਸਿੱਖ ਅੱਖਾਂ ਮੀਟੀ ਰਖਦੇ, ਪਰ ਹੇਠਲੇ ਤੇ ਮੱਧ ਵਰਗੀ ਤਬਕਿਆਂ ਲਈ ਇਹ ਅਣਖ ਦਾ ਸੁਆਲ ਸੀ।

ਅੰਮ੍ਰਿਤਸਰ ਦੇ ਅੱਠ ਨਾਮਧਾਰੀਆਂ ਨੇ ਇਸ ਸੁਆਲ ਨੂੰ ਆਪਣਾ ਬਣਾ ਲਿਆ। ਉਨ੍ਹਾਂ ਜਾਣ ਲਿਆ ਕਿ ਅੰਗਰੇਜ਼ ਪੰਜਾਬ ਦੇ ਹਿੰਦੂ ਸਿੱਖਾਂ ਨੂੰ ਮਰਦੂਦ ਸਮਝਦਾ ਹੈ ਤੇ ਬੁੱਚੜ ਗੋਰਿਆਂ ਦੀ ਸ਼ਹਿ ਤੇ ਭੂਤਰੇ ਫਿਰਦੇ ਹਨ। ਉਹਨੀਂ ਦਿਨੀਂ ਘੰਟਾ ਘਰ ਪਾਸ, ਜੋ ਐਨ ਦਰਬਾਰ ਸਾਹਿਬ ਦੇ ਨਜ਼ਦੀਕ ਸੀ, ਹਲਾਲੀ ਗਊ ਮਾਸ ਖੁਲ੍ਹੇ ਆਮ ਵਿਕਦਾ ਸੀ। ਨਾਮਧਾਰੀਆਂ ਨੇ ਬਿਨਾਂ ਆਪਣੇ ਆਗੂਆਂ ਦੀ ਰਾਇ ਲੈਣ ਤੋਂ ਆਪੋ ਵਿਚ ਹੀ ਸਲਾਹ ਕਰਕੇ ੧੪ ਅਤੇ ੧੫ ਜੂਨ ੧੮੭੧ ਦੀ ਰਾਤ ਨੂੰ ਅੰਮ੍ਰਿਤਸਰ ਬੁੱਚੜਖਾਨੇ ਤੇ ਹੱਲਾ ਬੋਲ ਦਿਤਾ। ਚਾਰ ਬੁੱਚੜ ਥਾਂ ਤੇ ਹੀ ਮਾਰ ਦਿਤੇ। ਤਿੰਨਾਂ ਨੂੰ ਅਧਮੋਏ ਕਰਕੇ ਗਊਆਂ ਦੇ ਰੱਸੇ ਖੋਲ੍ਹ ਹਿਰਨ ਹੋ ਗਏ। ਵਿਆਖਿਆ ਨ ਕਰਦਿਆਂ ਏਨਾ ਦੱਸਣਾ ਹੀ ਕਾਫ਼ੀ ਹੈ ਕਿ ਅਜੇ ਇਨ੍ਹਾਂ ਕਤਲਾਂ ਦੇ ਜ਼ਿਮੇਵਾਰਾਂ ਦਾ ਪਤਾ ਸਰਕਾਰ ਨੂੰ ਲਗਿਆ ਨਹੀਂ ਸੀ ਕਿ ੧੫ ਜੁਲਾਈ ਦੀ ਰਾਤ ਨੂੰ, ਅਰਥਾਤ ਪੂਰੇ ਮਹੀਨੇ ਬਾਅਦ, ਜ਼ਿਲਾ ਲੁਧਿਆਣੇ ਦੇ ਕਸਬੇ ਰਾਇ ਕੋਟ ਵਿਚਲੇ ਬੁੱਚੜਖ਼ਾਨੇ ਨੂੰ ਕੁਝ ਨਾਮਧਾਰੀ ਪੈ ਗਏ। ਉਨ੍ਹਾਂ ਨੇ ਚਹੁੰ ਬੁੱਚੜਾਂ ਨੂੰ ਜਾਨੋਂ ਮਾਰ ਦਿਤਾ ਤੇ ਸੱਤ ਹੋਰ ਬੁਰੀ ਤਰ੍ਹਾਂ ਫੱਟੜ ਕਰਕੇ ਨਿਕਲ ਗਏ।

ਸੁਭਾਵਕ ਸੀ ਬਰਤਾਨਵੀ ਸਰਕਾਰ ਦਾ ਤਖ਼ਤ ਡੋਲਦਾ। ਸਭ ਤਰ੍ਹਾਂ ਦੀ ਭੱਜ ਨੱਸ ਕਰਕੇ ਰਾਇਕੋਟ ਦੇ ਬੁੱਚੜਖਾਨੇ ਦੇ ਹਮਲਾਵਰ ਕੂਕੇ ਫੜੇ ਗਏ ਤੇ ਛੇਤੀ ਛੇਤੀ ਝੂਠੀਆਂ-ਸੱਚੀਆਂ ਗਵਾਹੀਆਂ ਤਿਆਰ ਕਰਕੇ, ੯ ਦਿਨਾਂ ਦੇ ਅੰਦਰ ਅੰਦਰ ਮੁਕੱਦਮੇ ਦੀ ਕਾਰਵਾਈ ਖਿੱਚ ਘਸੀਟ ਕੇ, ੫ ਅਗਸਤ ੧੮੭੧ ਨੂੰ ਰਾਇਕੋਟ ਬੁੱਚੜ ਖਾਨੇ ਪਾਸ ਤਿੰਨ ਕੂਕਿਆਂ ਨੂੰ, ਸਵੇਰੇ, ਦੋ ਸੌ ਆਦਮੀਆਂ ਦੇ ਸਾਹਵੇਂ, ਫ਼ਾਂਸੀ ਦੇ ਦਿਤੀ ਗਈ।

ਅੰਮ੍ਰਿਤਸਰ ਵਿਚ ਹੋਏ ਬੁੱਚੜ ਬੱਧ ਬਾਰੇ ਪੁਲਿਸ ਅਫ਼ਸਰ ਮਿ: ਕ੍ਰਿਸਟੀ ਨੇ ਕਿੰਨੇ ਹੀ ਬਿਦੋਸ਼ਿਆਂ ਨੂੰ ਕੁੱਟ-ਕੁੱਟ, ਵਿਸ਼ਟੇ ਦੀਆਂ ਧੂਣੀਆਂ ਦੇ, ਚਿੱਤੜੀਂ ਮਰਚਾਂ ਵਾਲੇ ਡੰਡੇ ਤੁਨ ਕਤਲ ਮਨਵਾ ਲਏ। ਜ਼ੁਲਮ ਸਹਿੰਦੇ ਵਿਚਾਰਿਆਂ ਨੇ ਸਬੂਤ ਵੀ ਜੁਟਾ ਦਿਤੇ। ਪਰ ਨਾਮਧਾਰੀਆਂ ਨੇ ਨਿਰਦੋਸ਼ਾਂ ਤੋਂ ਮਨਾਏ ਗਏ ਕਤਲਾਂ ਨੂੰ ਧਿਆਨ ਵਿਚ ਲਿਆ, ਅਤੇ ਅੰਗਰੇਜ਼ਾਂ ਦੀ 'ਸੱਚੀ ਅਦਾਲਤ' ਦਾ ਭਾਂਡਾ ਚੁਰਾਹੇ ਵਿਚ ਭੰਨਣ ਲਈ ਆਪਣੇ



Sri Satguru Jagjit Singh Ji eLibrary NamdhariElibrary@gmail.com

ਆਪ ਨੂੰ ਪੇਸ਼ ਕਰ ਦਿਤਾ । ਇਹਨਾਂ ਵਿਚੋਂ ਚਹੁੰਆਂ ਨੂੰ ੧੫ ਸਤੰਬਰ ੧੮੭੧, ਪਹਿਲਿਆਂ ਨਾਲੋਂ ੧ ਮਹੀਨਾ ੧੦ ਦਿਨ ਪਿਛੋਂ ਹੀ, ਰਾਮ ਬਾਗ਼ ਅੰਮ੍ਰਿਤਸਰ ਦੇ ਇਕ ਵਡੇ ਬੋੜ੍ਹ ਨਾਲ ਫਾਹੇ ਲਟਕਾ ਦਿਤਾ ਗਿਆ । ਦੋਹਾਂ ਨੂੰ ਕਾਲੇ ਪਾਣੀ ਦੀ ਸਜ਼ਾ ਦਿਤੀ ਗਈ । ਇਕ ਹੋਰ ਨੂੰ ਫੇਰ ਫ਼ਾਂਸੀ ਦੇ ਤਖ਼ਤੇ ਚੜ੍ਹਾ ਦਿਤਾ ।

ਸਰਕਾਰ ਡਰੀ ਹੋਈ ਸੀ । ਜਦੋਂ ਵੀ ਮੁਲਜ਼ਮ ਫੜੇ ਜਾਂਦੇ ਛੇਤੀ ਛੇਤੀ ਉਨ੍ਹਾਂ ਨੂੰ ਸਜ਼ਾਵਾਂ ਦੇਣ ਦੀ ਕਰਦੀ ਤਾਕਿ ਲੋਕਾਂ ਤੇ ਇਨ੍ਹਾਂ ਦੇ ਤਸੱਲਤ ਦਾ ਪ੍ਰਭਾਵ ਪਏ । ਰਾਇ ਕੋਟ ਦੇ ਬੁੱਚੜ ਬੱਧ ਨਾਲ ਦੋ ਹੋਰ ਕੂਕਿਆਂ ਨੂੰ ਸੰਬੰਧਤ ਕਰਕੇ ਬਿਲਾ ਵਜ੍ਹਾ ਹੀ ੨੬ ਨਵੰਬਰ ੧੮੭੧ ਨੂੰ ਫਾਹੇ ਟੰਗ ਦਿਤਾ ਗਿਆ । ਇਨ੍ਹਾਂ 'ਚੋਂ ਇਕ ਨਾਮਧਾਰੀ ਸੂਬਾ ਰਤਨ ਸਿੰਘ ਉਰਫ਼ ਗਿਆਨੀ ਸਿੰਘ ਵੀ ਸੀ, ਜਿਹੜਾ ਕਿਸੇ ਤਰ੍ਹਾਂ ਵੀ ਬੁੱਚੜ ਬੱਧ ਨਾਲ ਵਾਸਤਾ ਨਹੀਂ ਸੀ ਰਖਦਾ । ਇਸ ਦੀ ਮੌਤ ਨਾਲ ਨਾਮਧਾਰੀਆਂ ਵਿਚੋਂ ਕੁਝ ਅੱਤਵਾਦੀ ਤੱਤ ਭੜਕ ਉਠੇ ।

## ਅੱਤਵਾਦੀ

ਵਿਦੇਸੀ ਸਰਕਾਰ ਨੂੰ ਬਹੁਤ ਕੁਝ ਹੋ ਸਕਣ ਦਾ ਤੌਖ਼ਲਾ ਸੀ । ਉਹ ਸੰਭਵ ਤਿਆਰੀਆਂ ਰਖ, ਲੋਕ ਰਾਇ ਨੂੰ ਇੱਛਾ ਅਨੁਸਾਰ ਢਾਲ ਕੇ, ਕੂਕਿਆਂ ਨੂੰ ਫਟਾਫਟ ਸਜ਼ਾਵਾਂ ਦੇ, ਆਪਣੇ ਵਲੋਂ ਬਗ਼ਾਵਤ ਦਬਾ ਰਹੀ ਸੀ । ਗੁਰੂ ਰਾਮ ਸਿੰਘ ਜੀ ਅਤੇ ਉਨ੍ਹਾਂ ਦੇ ਸੂਬੇ ਬੜੇ ਫ਼ਿਕਰ ਵਿਚ ਸਨ ਕਿ ਬੁੱਚੜ ਬੱਧ ਦੀਆਂ ਇਨ੍ਹਾਂ ਵਾਰਦਾਤਾਂ ਨਾਲ ਭਾਵੇਂ ਦੇਸ ਦੀ ਬਹੁਗਿਣਤੀ ਦੀ ਮਾਨਸਿਕ ਤਸੱਲੀ ਹੋ ਗਈ ਅਤੇ ਅਣਖ ਬਰਕਰਾਰ ਰਹਿ ਗਈ ਹੈ, ਪਰ ਇਹ ਤੇਜ਼ੀ ਦੂਰ ਦ੍ਰਿਸ਼ਟੀ ਤੋਂ ਤਹਿਰੀਕ ਨੂੰ ਡੁਲਾ ਸਕਦੀ ਹੈ । ਵਧੀਆ ਗੱਲ ਇਹ ਸੀ ਕਿ ਫਾਹੇ ਲਗਣ ਵਾਲਿਆਂ ਵਿਚੋਂ ਸਾਰੇ ਹੀ ਚੜ੍ਹਦੀ ਕਲਾ ਵਿਚ ਰਹੇ ਅਤੇ ਕਈ ਤਾਂ ਗੋਰਿਆਂ ਨੂੰ ਵੰਗਾਰਦੇ ਗਏ ਸਨ ਕਿ ਦੁਬਾਰਾ ਜਨਮ ਲੈ ਕੇ ਵੀ ਇਨ੍ਹਾਂ ਵਿਰੁੱਧ ਲੜਨਗੇ । ਇਸ ਨਾਲ ਆਮ ਲੋਕਾਂ ਨੂੰ ਬੜਾ ਬਲ ਮਿਲਦਾ ਹੈ, ਉਹ ਇਨ੍ਹਾਂ ਨੂੰ ਆਪਣੇ ਹੀਰੋ ਮਿਥਦੇ ਹਨ ।

ਨਾਮਧਾਰੀਆਂ ਵਿਚ ਇਕ ਮਸਤਾਨਿਆਂ ਦਾ ਗਰੁੱਪ ਐਸਾ ਸੀ ਜੁ ਅੱਤਵਾਦ ਦੇ ਪ੍ਰਭਾਵ ਹੇਠ ਸੀ । ਉਨ੍ਹਾਂ ਵਿਚ ਕੁਰਬਾਨ ਹੋ ਸਕਣ ਦੀ ਦਲੇਰੀ ਲਾਮਿਸਾਲ ਸੀ । ਉਨ੍ਹਾਂ ਦਾ ਕਰਤੱਵ ਕਾਹਲਾ ਸੀ ਅਤੇ ਉਨ੍ਹਾਂ ਦਾ ਜੋਸ਼ ਅੰਨ੍ਹਾ ਸੀ । ਏਨਾ ਅੰਨ੍ਹਾ ਕਿ ਹੋਰ ਲੰਮਾ-ਚੋੜਾ ਵਿਚਾਰਨ ਤੋਂ ਬਿਨਾਂ ਉਹ ਨਿਰਦੋਸ਼ ਸੂਬਾ ਗਿਆਨੀ ਸਿੰਘ ਦੀ ਮੌਤ ਦਾ ਬਦਲਾ ਲੈਣ ਲਈ ਮਰਨ-ਮਾਰਨ ਤੇ ਤੁਲ ਗਏ । ਉਹ ਇਹ ਭੁੱਲ ਹੀ ਗਏ ਕਿ ਕਿਸੇ ਲੰਮੇ ਸਮੇਂ ਦੇ ਮਨੋਰਥ ਲਈ ਉਨ੍ਹਾਂ ਸ਼ਕਤੀ ਇਕੱਤਰ ਕਰਨੀ ਹੈ । ਦੁਨੀਆਂ ਭਰ ਦੇ ਅੱਤਵਾਦੀਆਂ ਦਾ ਇਤਿਹਾਸ ਦੱਸਦਾ ਹੈ ਕਿ ਉਨ੍ਹਾਂ ਦਾ ਸੁਆਰਥ ਹੀਨ ਕੁਰਬਾਨੀ ਦਾ ਜਜ਼ਬਾ, ਵੇਲੇ ਦੀ ਨਜ਼ਾਕਤ ਨੂੰ ਨ ਪਛਾਣਦਾ, ਤਹਿਰੀਕਾਂ ਨੂੰ ਗ਼ਲਤ ਪਾਸੇ ਧਕੇਲ ਦਿੰਦਾ ਹੈ ਅਤੇ ਸਦਾ ਹੀ ਏਨਾ ਜ਼ਬਰਦਸਤ ਨੁਕਸਾਨ ਪਹੁੰਚਾਂਦਾ ਹੈ ਜੋ ਤਹਿਰੀਕਾਂ ਦੇ ਮੁੜ ਉਭਾਰ ਨੂੰ ਸਾਲਾਂ ਤੇ ਪਾ ਦਿੰਦਾ ਹੈ ।

ਇੰਜ ਹੀ ਕੁਝ ਨਾਮਧਾਰੀ ਤਹਿਰੀਕ ਨਾਲ ਹੋਇਆ । ਸ: ਹੀਰਾ ਸਿੰਘ ਸਕਰੌਦੀ ਤੇ



Sri Satguru Jagjit Singh Ji eLibrary NamdhariElibrary@gmail.com

ਲਹਿਣਾ ਸਿੰਘ ਹੁਰਾਂ ਦਾ ਮਸਤਾਨਾ ਜਥਾ ਜਿਸ ਨੂੰ ਸ਼ਹੀਦੀ ਜਥਾ ਵੀ ਕਿਹਾ ਜਾਂਦਾ ਸੀ, ਭੈਣੀ ਸਾਹਿਬ ਮਾਘੀ (ਜਨਵਰੀ ੧੮੭੨) ਦੇ ਮੇਲੇ ਤੇ ਆਇਆ ਹੋਇਆ ਸੀ। ਇਸ ਵਿਚ ਅਤੇ ਆਮ ਨਾਮਧਾਰੀਆਂ ਵਿਚ, ਕੂਕਿਆਂ ਦੇ ਫਾਹੇ ਲਗਣ ਤੇ ਸਜ਼ਾਵਾਂ ਭੁਗਤਣ ਦੇ ਬੜੇ ਜੁਸ਼ੀਲੇ ਗੀਤ ਗਾਏ ਜਾਇਆ ਕਰਦੇ ਸਨ। ਉਹ ਸ਼ਹੀਦ ਸਨ ਤੇ ਅੰਗਰੇਜ਼ ਸਰਕਾਰ ਦੇ ਖ਼ਿਲਾਫ਼ ਜਜ਼ਬੇ ਭੜਕਾਣ ਲਈ ਕੁਰਬਾਨ ਹੋਏ ਸਨ। ਵਿਦਰੋਹ ਅਤੇ ਗੋਰਿਆਂ ਦੇ ਰਾਜ ਵਿਰੁਧ ਨਫ਼ਰਤ ਦੀ ਗਰਮੀ ਤਾਂ ਹਰ ਪਾਸੇ ਸੀ, ਬਸ ਜ਼ਰਾ ਕੁ ਤੀਲੀ ਘਸਾਣ ਦੀ ਲੋੜ ਸੀ।

ਅਤੇ ਇਹ ਕੰਮ ਵੀ ਸੁਭਾਵਕ ਹੋ ਗਿਆ।

ਪਿੰਡ ਫਰਵਾਹੀ, ਰਿਆਸਤ ਮਲੇਰ ਕੋਟਲੇ ਦੇ ਨਾਮਧਾਰੀ ਨੰਬਰਦਾਰ ਗੁਰਮੁਖ ਸਿੰਘ ਨੇ ਇਕ ਨਿਰਦਈ ਮੁਸਲਮਾਨ ਦੀ ਬੁੱਢੇ ਬੈਲ ਨਾਲ ਕੀਤੀ ਜ਼ਿਆਦਤੀ ਦੀ ਕਹਾਣੀ ਬੇਬਸੀ ਨਾਲ ਨੁੱਚੜਦੇ ਸ਼ਬਦਾਂ ਵਿਚ ਸੁਣਾ ਦਿਤੀ। ਜਿਸ ਨੂੰ, ਅੰਤ ਕਾਜ਼ੀ ਦੇ ਹੁਕਮ ਨਾਲ ਉਸ ਦੇ ਸਾਹਮਣੇ ਹੀ ਕੋਹ-ਕੋਹ ਕੇ ਮਾਰ ਦਿਤਾ ਗਿਆ ਸੀ। ਅਤੇ ਇਸ ਕਹਾਣੀ ਨੇ ਸਚਮੁਚ ਹੀ ਤੀਲੀ ਦਾ ਕੰਮ ਕੀਤਾ। ਮਾਘੀ ਦੇ ਮੇਲੇ ਤੇ ਜੁੜੇ ਲੋਕ ੧੩ ਜਨਵਰੀ ਸ਼ਾਮ ਤਕ ਵਾਪਸ ਹੋ ਗਏ, ਪਰ ਇਹ ਸ਼ਹੀਦੀ ਜੱਥਾ ਤਾਂ ਜਿਸ ਵਿਚ ਉਸ ਵੇਲੇ ਤਕ ੧੦੦ ਕੁ ਸੱਜਣ ਸ਼ਾਮਲ ਸਨ ਮਲੇਰ ਕੋਟਲੇ ਜਾ ਕੇ ਸਿਰ ਦੇਣ ਨੂੰ ਤਿਆਰ ਹੋ ਪਿਆ।

* * *

ਇਕ ਵਾਰ ਸੂਬਾ ਸਾਹਿਬ ਸਿੰਘ ਨੇ ਕਿਸੇ ਗੱਲੇ ਮਸਤਾਨੇ ਨੂੰ ਕੋਰੜਾ ਮਾਰ ਦਿਤਾ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਪਿੰਡੇ ਤੋਂ ਕੁਰਤਾ ਉਪਰ ਚੁਕ ਕੇ ਉਹ ਲਾਸਾਂ ਵਿਖਾਈਆਂ ਜੁ ਮਸਤਾਨੇ ਦੇ ਪਿੰਡੇ ਤੇ ਪੈਣੀਆਂ ਸਨ। ਸਤਿਗੁਰੂ ਇਨ੍ਹਾਂ ਸਿਰਲਥਾਂ ਤੋਂ ਸਦਕੇ ਜਾਂਦੇ ਸਨ। ਇਕ ਵਾਰ ਸੂਬਿਆਂ ਦੇ ਕਹਿਣ ਤੇ ਇਨ੍ਹਾਂ ਦਾ ਖਾਣਾ ਦਾਣਾ ਬੰਦ ਕੀਤਾ ਗਿਆ, ਉਦੋਂ ਗੁਰੂ ਰਾਮ ਸਿੰਘ ਵੀ ਬੁਰਕੀ ਨਹੀਂ ਲੰਘਾ ਸਕੇ ਸਨ — ਉਨ੍ਹਾਂ ਦੇ ਗਲੇ ਵਿਚ ਪੱਤੀਆਂ ਪੈ ਗਈਆਂ ਸਨ। ਪਰ ਇਹ ਨਹੀਂ ਸੀ ਪਤਾ ਕਿ ਅੱਜ ਦਾ ਇਹ ਇਕੱਠ ਏਨਾ ਅਮੋੜ ਹੋ ਜਾਵੇਗਾ।

ਮਸਤਾਨਿਆਂ ਦੇ ਇਰਾਦੇ ਦਾ ਪਤਾ ਲਗਣ ਤੇ ਪਹਿਲਾਂ ਸੂਬਾ ਲੱਖਾ ਸਿੰਘ ਜੀ ਨੇ ਬੜਾ ਸਮਝਾਇਆ। ਫਿਰ ਸੂਬਾ ਸਾਹਿਬ ਸਿੰਘ ਜੀ ਨੇ ਆ ਕੇ ਦਲੀਲਾਂ ਦੇ ਦੇ ਖ਼ਾਨੇ ਗੱਲ ਬੈਠਾਣ ਦੀ ਵਾਹ ਲਾਈ, ਪਰ ਉਹ ਤਾਂ ਅੱਜ ਮਰਨ ਮਾਰਨ ਤੇ ਤੁਲੇ ਹੋਏ ਸਨ। ਸੋਧੇ ਹੋਏ ਅਰਦਾਸੇ ਵਾਪਸ ਲੈਣ ਨੂੰ ਤਿਆਰ ਨਹੀਂ ਸਨ। ਅੰਤ ਨੂੰ ਸੂਬਾ ਸਾਹਿਬ ਸਿੰਘ ਹੁਰਾਂ ਮਸਤਾਨਾ ਲੀਡਰਾਂ ਨੂੰ ਆਖਿਆ: "ਹੀਰਾ ਸਿੰਘ ਅਤੇ ਲਹਿਣਾ ਸਿੰਘ, ਸੰਗਤ ਕਾ ਪ੍ਰਸਾਦਾ ਬਣਿਆ ਹੋਇਆ ਸੀ, ਨਾ ਗਵਾਓ। ਹੀਰਾ ਸਿੰਘ ਨੇ ਕਹਿਆ: ਹੋ ਮਸੰਦਾ, ਖਾਇ ਕੇ ਪੇਟ ਬਧਾਇਆ ਹੈ, ਜਿੰਨਾ ਚਿਰ ਗਿਆਨਾ ਸਿੰਘ ਕਾ ਬੈਰ ਲੈਂਦੇ ਨਹੀਂ ਓਨਾ ਚਿਰ ਸਾਨੂੰ ਪ੍ਰਸਾਦਾ ਛਕਨਾ ਭੀ ਹਰਾਮ ਹੈ।"*

ਸੂਬਾ ਸਾਹਿਬ ਸਿੰਘ ਨੇ ਆਪਣੇ ਲਈ ਕਦੇ ਨਿਰਾਦਰ ਵਾਚਕ ਸ਼ਬਦ ਸੁਣੇ ਨਹੀਂ

* ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।



Sri Satguru Jagjit Singh Ji eLibrary NamdhariElibrary@gmail.com

ਸਨ। ਉਸ ਦੀ ਸਤਿਗੁਰੂ ਜੀ ਤੋਂ ਉਤਰ ਕੇ ਸਰਦਾਰੀ ਮੰਨੀ ਜਾਂਦੀ ਸੀ। ਪਰ ਅੱਜ ਮਸਤਾਨਿਆਂ ਤਾਂ ਵਧੇ ਹੋਏ ਢਿੱਡ ਦਾ ਮਿਹਣਾ ਵੀ ਮਾਰ ਦਿਤਾ ਤੇ 'ਮਹੰਤ' ਦੀ ਥਾਂ 'ਮਸੰਦ' ਕਹਿ ਕੇ ਉਕਾ ਹੀ ਲਾਹ ਦਿਤੀ ਸੀ।

ਸਾਹਿਬ ਸਿੰਘ ਜੀ ਸਤਿਗੁਰੂ ਜੀ ਪਾਸ ਗਏ। ਹਾਲਾਤ ਦੀ ਨਜ਼ਾਕਤ, ਮਸਤਾਨਿਆਂ ਦੇ ਅਰੁਕ ਜੋਸ਼ ਤੇ ਨਿਕਲਣ ਵਾਲੇ ਦੂਰ-ਰਸੀ ਨਤੀਜਿਆਂ ਬਾਰੇ ਅਰਜ਼ ਕੀਤੀ। ਸਤਿਗੁਰੂ ਆਪ ਆਏ। ਉਨ੍ਹਾਂ ਗਲ ਵਿਚ ਪੱਲਾ ਪਾ ਕੇ ਹੀਰਾ ਸਿੰਘ-ਲਹਿਣਾ ਸਿੰਘ ਹੁਰਾਂ ਦੇ ਸਾਰੇ ਜਥੇ ਨੂੰ ਸ਼ਾਂਤੀ ਕਰਨ ਲਈ ਸਮਝਾਇਆ। ਪਰ ਮਸਤਾਨਿਆਂ ਦੇ ਸਿਰ ਤੇ ਜੋਸ਼ ਦੀ ਸਿਖਰ ਸਵਾਰ ਸੀ। ਉਨ੍ਹਾਂ ਆਪਣੇ ਸਤਿਗੁਰੂ ਨੂੰ ਵੀ ਇਹ ਕਹਿ ਕੇ ਚੁੱਪ ਹੋਣ ਤੇ ਮਜਬੂਰ ਕਰ ਦਿਤਾ : ਸਾਨੂੰ ਗੁਰੂ ਤੇਗ ਬਹਾਦਰ ਦ੍ਰਿਸ਼ਟਾਂਤਾਂ ਵਿਚ ਧਰਮ ਹੇਤ ਸੀਸ ਲਾਉਣ ਹਿਤ ਆਗਿਆ ਕਰ ਰਹੇ ਹਨ।

ਸਤਿਗੁਰੂ ਰਾਮ ਸਿੰਘ ਜੀ ਪਾਸ ਹੁਣ ਕੋਈ ਚਾਰਾ ਨਹੀਂ ਸੀ। ਸਕਿੰਟਾਂ ਵਿਚ ਹੀ ਹੋਣਹਾਰ ਦੀ ਤਸਵੀਰ ਉਨ੍ਹਾਂ ਦੇ ਮਨ ਮਸਤਕ ਵਿਚ ਕੂੰਦ ਗਈ। ਆਪ ਜੀ ਨੇ ਮੌਕੇ ਤੇ ਆਏ ਹੋਏ ਪੁਲਿਸ ਇਨਸਪੈਕਟਰ ਸਾਹਨੇਵਾਲ (ਥਾਣਾ) ਨੂੰ ਕਹਿ ਦਿਤਾ : ਤੇਰਾਂ ਆਦਮੀ (ਨਾਮ ਲੈ ਕੇ) ਬੇਲਗਾਮ ਹੋ ਗਏ ਹਨ। ਇਹਨਾਂ ਨੂੰ ਸੰਭਾਲ ਲਓ। ਮੇਰੇ ਵੱਸ ਵਿਚ ਨਹੀਂ ਰਹੇ।

ਇਨਸਪੈਕਟਰ ਸਰ ਫ਼ਰਾਜ਼ ਖ਼ਾਨ ਨੇ ਆਪ ਇਸ ਭਮਾਕੇ ਨੂੰ ਤੱਕ ਲਿਆ ਸੀ।

ਉਹ ਜਿਉਂ ਤੁਰਿਆ, ਮਸਾਂ ਕਿਤੇ ੧੪ ਜਨਵਰੀ ਦੇ ਤੜਕੇ ਇਕ ਵਜੇ ਲੁਧਿਆਣੇ ਪੁਜਾ ਤੇ ਜਾ ਡਿਪਟੀ ਕਮਿਸ਼ਨਰ ਮਿ: ਕਾਵਨ ਦਾ ਬੂਹਾ ਖੜਕਾਇਆ। ਸਾਰੀ ਅੱਖੀਂ ਡਿੱਠੀ ਕਹਿ ਸੁਣਾਈ ਤੇ ਹੋ ਸਕਣ ਵਾਲੇ ਡਰਾਉਣੇ ਨਤੀਜਿਆਂ ਤੋਂ ਅੰਗਰੇਜ਼ ਹਾਕਮ ਨੂੰ ਸਾਵਧਾਨ ਕੀਤਾ।

## ਭਿਆਨਕ ਦੁਖਾਂਤ

ਏਥੇ ਸ਼ਹੀਦੀ ਜੱਥੇ, ਜਿਸ ਵਿਚ ਹੁਣ ਤਕ ੧੨੫ ਸਿੰਘ ਸ਼ਾਮਲ ਹੋ ਗਏ, ਦੇ ਮਲੇਰਕੋਟਲੇ ਜਾਣ ਤੇ ਰਸਤੇ ਦੇ ਹਾਲ ਦੇ ਵਸੀਹ ਬਿਆਨ ਦੀ ਲੋੜ ਨਹੀਂ। ਏਨਾ ਦੱਸ ਦੇਣਾ ਕਾਫ਼ੀ ਹੈ ਕਿ ਰਾਹ ਵਿਚ ਪੈਂਦੇ ਕਸਬੇ ਮਲੌਦ ਵਿਖੇ ਇਕ ਸਰਦਾਰ ਦੇ ਘਰ ਹਥਿਆਰਾਂ ਲਈ ਹਮਲਾ ਕਰ ਕੇ, ਦੋ ਆਦਮੀ ਸਰਦਾਰ ਦੇ ਮਾਰ, ਦੋ ਆਪਣੇ ਮਰਵਾ, ਕੁਝ ਜ਼ਖ਼ਮੀ ਛੱਡ, ਇਹ ਜੱਥਾ ੧੫ ਜਨਵਰੀ ਦੇ ਅੰਮ੍ਰਿਤ ਵੇਲੇ ਮਲੇਰਕੋਟਲੇ ਦੇ ਬੁੱਚੜਖ਼ਾਨੇ ਨੂੰ ਜਾ ਪਿਆ, ਘੰਟੇ ਸਵਾ ਘੰਟੇ ਦੀ ਲੜਾਈ ਵਿਚ ਸੱਤ ਬੰਦੇ ਮਰ ਗਏ। ਦਿਨ ਚੜ੍ਹਨ ਤੱਕ ਇਹ ਸ਼ਬਦ ਪੜ੍ਹਦੇ, ਜੈਕਾਰੇ ਛੱਡਦੇ, ਦਸ ਕੁ ਮੀਲ ਦੇ ਫ਼ਾਸਲੇ ਤੇ ਪਿੰਡ ਰੜ ਦੇ ਨਾਮਧਾਰੀਆਂ ਪਾਸ ਜਾਣ ਲਈ ਸਿੱਧੇ ਹੋ ਤੁਰੇ।

ਰਾਹ ਵਿਚ, ਕੋਟਲੇ ਤੋਂ ਪਿਛੇ ਲੱਗੇ, ਕੁਝ ਪੁਲਸੀਆਂ ਨਾਲ ਝੜਪਾਂ ਵੀ ਹੋਈਆਂ। ਸ਼ੇਰਾਂ ਵਾਂਗ ਝੂੰਮਦੇ ਝਾਮਦੇ ਇਕ ਥੇਹ ਉਪਰ ਪਹੁੰਚ ਗਏ। ਇਥੇ ਜਾ ਕੇ ਸਰਦਾਰ ਹੀਰਾ ਸਿੰਘ ਨੇ ਧਰਤੀ ਵਿਚ ਬਰਛੀ ਗੱਡ ਦਿਤੀ। ਹੀਰਾ ਸਿੰਘ ਨੇ ਬਰਛੀ ਗੱਡ ਕੇ



Sri Satguru Jagjit Singh Ji eLibrary NamdhariElibrary@gmail.com

ਬਚਨ ਕੀਤਾ : ਬਾਪੂ ਜੀ ਦਾ ਹੁਕਮ ਇਤਨਾ ਈ ਹੈ। ਅਸੀਂ ਤਾਂ ਅੱਗੇ ਕੱਖ ਨਹੀਂ ਤੋੜਨਾ ਹੈ ... ਤੁਰੇ ਸਿੰਘ ਰੜ ਆਏ। ਤਲਵਾਰਾਂ ਕੀ ਛੌਰ ਲਗਾਇ ਦਿਤੀ। ਹੀਰਾ ਸਿੰਘ ਕਹਿਆ : ਸਾਨੂੰ ਜਿਤਨਾ ਹੁਕਮ ਸ੍ਰੀ ਗੁਰੂ ਤੇਗ ਬਹਾਦਰ ਜੀ ਕਾ, ਉਤਨਾ ਬਰਤਾਇ ਦੀਆ ਹੈ। ਹੁਣ ਚਲੇ ਜਾਓ ਘਰਾਂ ਨੂੰ ਜਿਸ ਜਾਣਾ ਹੈ। ਜਿਸ ਸੀਸ ਦੇਣਾ ਹੈ ਸੋ ਰਹੋ। ਅਸਾਂ ਤਾਂ ਸੀਸ ਦੇਣਾ ਹੈ ਸੋ ਦੇਵਾਂਗੇ। ਭਗਾਉਤਾ ਨਹੀਂ ਉਠਾਵਣਾ ਹੈ। ਜਿਵੇਂ ਹੋਵੇਗੀ ਦੇਖੀ ਜਾਵੇਗੀ। ਸਿੰਘਾਂ ਨੂੰ ਹੀਰਾ ਸਿੰਘ ਜੀ ਬੋਲਾ ਕੀਤਾ : ਜਿਸ ਨੂੰ ਜਿੰਦ ਪਿਆਰੀ ਹੈ ਹੁਣ ਭੀ ਚਲੇ ਜਾਓ।"*

ਅਖ਼ੀਰ ਵਿਚ "ਭਾਈ ਹੀਰਾ ਸਿੰਘ ਸੌਣ ਸਿੰਘ ਨੂੰ ਬਚਨ ਕੀਤਾ : ਗਿਣ ਤਾਂ ਕਿਤਨੇ ਸਿੰਘ ਹੈਂ ? ਸੌਣ ਸਿੰਘ ਨੇ ਗਿਣ ਕੇ ਕਹਾ : ਸੱਤਰ ਹੈਂ। ਹੀਰਾ ਸਿੰਘ ਜੀ ਬਚਨ ਕੀਤਾ : ਬਹੱਤਰ ਚਾਹੀਦੇ ਥੇ। ਉਸੀ ਬਖਤ ਦੋ ਜ਼ਿਮੀਦਾਰ ਹਾਥੋਂ ਮੈਂ ਦਾਤੀਆਂ ਲਈਆਂ ਆਇ ਕੇ ਬੈਠ ਗਏ। ਹੀਰਾ ਸਿੰਘ ਨੇ ਕਹਾ : ਤੁਸੀਂ ਕਾਹਨੂੰ ਫਸਦੇ ਹੋ ? ਉਨ੍ਹਾਂ ਕਿਹਾ : ਅਸੀਂ ਤਾਂ ਥਿਚੇ ਈ ਸੀਸ ਦੇਣਾ ਹੈ। ਦੁੱਧ ਸੀ। ਤਸਮਈ ਧਰੀ। ਦੇਗਾਂ ਬਣਾਉਣ ਲੱਗੇ। ਦੇਗਾਂ ਛਕੀਆਂ ਸੁਖ ਨਿਧਾਨ ਕੀਆਂ। ਛਕ ਕੇ ਬੇਗ਼ਮ ਹੋ ਬਿਰਾਜੇ।"**

ਮਲੌਦ ਅਤੇ ਮਲੇਰ ਕੋਟਲੇ ਦੇ ਵਾਕਿਆਂ ਨੇ ਬਰਤਾਨਵੀ ਸਰਕਾਰ ਨੂੰ ਵਖ਼ਤ ਪਾ ਦਿਤਾ। ਦਿੱਲੀ ਤਾਰਾਂ ਖੜਕੀਆਂ। ਦਿੱਲੀਓਂ ਹਿੰਦ ਸਰਕਾਰ ਦੇ ਦਫ਼ਤਰ ਕਲਕੱਤੇ ਵਿਖੇ ਮਿੰਟ ਮਿੰਟ ਪਿਛੋਂ ਪਤਾ ਲਿਆ ਜਾਣ ਲੱਗਾ। ੧੫ ਜਨਵਰੀ ਦੁਪਹਿਰ ਵੇਲੇ ਡਿਪਟੀ ਕਮਿਸ਼ਨਰ ਮਿ: ਕਾਵਨ, ਪੁਲਿਸ ਕਪਤਾਨ ਮਿ: ਪਰਕਿਨਜ਼ ਅਤੇ ਜ਼ਿਲੇ ਦਾ ਸਿਵਲ ਸਰਜਨ ਮਿ: ਜੇ. ਇਨਸ ਮਲੌਦ ਪੁਜੇ। ਏਥੇ ਫੜੇ ਜਾ ਚੁਕੇ ੭ ਆਦਮੀਆਂ ਵਿਚੋਂ ੪ ਕੂਕੇ ਸਨ। ਇਨ੍ਹਾਂ ਕੂਕਿਆਂ ਬਾਰੇ ਫਾਹੇ ਦੀ ਸਜ਼ਾ ਦੀ ਪੁਸ਼ਟੀ ਤਾਰ ਰਾਹੀਂ ਉਚੇ ਅਧਿਕਾਰੀਆਂ ਤੋਂ ਮੰਗੀ ਗਈ। ਏਨੇ ਵਿਚ ਮਲੇਰ ਕੋਟਲੇ ਤੇ ਹਮਲੇ ਦੀ ਖ਼ਬਰ ਵੀ ਮਿ: ਕਾਵਨ ਨੂੰ ਮਿਲ ਗਈ। ਸੱਤ ਜਣੇ ਮਲੇਰਕੋਟਲੇ ਵਿਚ ਮਾਰੇ ਗਏ, ਦਾ ਜ਼ਿਕਰ ਕਰਦੀਆਂ ਤਾਰਾਂ ਫ਼ਿਰ ਅੰਬਾਲੇ, ਦਿੱਲੀ, ਕਲਕੱਤੇ ਤਕ ਘੁੰਮ ਗਈਆਂ। ਅੰਬਾਲਾ ਡਵੀਜ਼ਨ ਦਾ ਕਮਿਸ਼ਨਰ ਮਿ: ਫੋਰਸਿਥ ਲੁਧਿਆਣੇ ਵਲ ਆਪ ਚਲਿਆ ਤਾਂ ਫ਼ੌਜੀ ਅਧਿਕਾਰੀਆਂ ਨਾਲ ਸਲਾਹ ਕਰ ਕੇ, ਕੂਕਿਆਂ ਤੋਂ ਡੀਫ਼ੈਂਸ ਲਈ ਇਕ ਨੰਬਰ ਗੋਰਖਾ ਪਲਟਨ, ਬਾਰਾਂ ਨੰਬਰ ਰਜਮੈਂਟ ਦੀਆਂ ਕੰਪਨੀਆਂ ਅਤੇ ਇਕ ਖੱਚਰ ਬਾਤਰੀ ਤੇ ਬਾਰ੍ਹਵੇਂ ਰਸਾਲੇ ਦਾ ਇਕ ਤਰੁਪ ਮਲੇਰ ਕੋਟਲੇ ਦੇ ਨਜ਼ਦੀਕ ਖੰਨੇ ਪਹੁੰਚਣ ਵਾਸਤੇ ; ਲੁਧਿਆਣੇ ਦੇ ਬਚਾਉ ਲਈ ਚੁਰੰਜਾ ਨੰ: ਪਲਟਨ ਦੀਆਂ ਤਿੰਨ ਕੰਪਨੀਆਂ ਅਤੇ ਗੋਰਿਆਂ ਦੇ ਤੋਪਖ਼ਾਨੇ ਦੀ ਅੱਧੀ ਬਾਤਰੀ ਭੇਜਣ ਦਾ ਹੁਕਮ ਦੇ ਗਿਆ।

ਮਸਤਾਨੇ ਆਪਣਾ ਕੰਮ ਕਰ ਚੁਕੇ ਸਨ, ਹੁਣ ਦਾਨਿਆਂ ਦੇ ਪ੍ਰਬੰਧ ਹੋਣ ਦਾ ਸਮਾਂ ਆ ਗਿਆ। ਉਨ੍ਹਾਂ ਦਾ ਉਬਾਲ ਮੱਠਾ ਪੈ ਚੁੱਕਾ ਸੀ। ਇਹਨਾਂ ਨੂੰ ਸਰਕਾਰੀ ਉਬਾਲ ਦਾ ਸਾਹਮਣਾ ਕਰਨਾ ਪੈਣਾ ਸੀ। ਥਾਣੇਦਾਰ ਭੈਣੀ ਸਾਹਿਬ ਆ ਪਹੁੰਚਾ। ਸਤਿਗੁਰੂ ਜੀ

* ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।

** ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।



Sri Satguru Jagjit Singh Ji eLibrary NamdhariElibrary@gmail.com

ਨੂੰ ਮਿਲਿਆ। "ਥਾਣੇਦਾਰ ਨੇ ਕਹਾ ਕਿ ਮਲੌਦ ਮੇ ਫ਼ਰੰਗੀ ਨੇ ਜਾਦ ਕੀਤਾ ਹੈ। ਪੰਜ ਸਿੰਘ ਨਾਲ ਚਲੇ। ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ, ਬਾਬਾ ਸਾਹਿਬ ਸਿੰਘ, ਖ਼ਜ਼ਾਨ ਸਿੰਘ ਅਤੇ ਜੋਗਾ ਸਿੰਘ। ...ਰਾਤ ਗੁੜਥੁੜੀ ਜਾਇ ਰਹੇ। ਰਾਤ ਬਰਾਜੇ ਨਹੀਂ ...ਬਚਨ ਕੀਤਾ : ਥੁਹਾਡਾ ਝਾੜ ਝਾੜ ਬੈਰੀ ਹੈ ਐਸ ਬਖ਼ਤ। ਅੰਮ੍ਰਿਤ ਵੇਲੇ ਤੁਰ ਕੇ ਗਏ ਮਲੌਦ।"*

ਮਿਸਟਰ ਕਾਵਨ ਨੇ ਸਾਰੇ ਪੁਆੜੇ ਦੀ ਜੜ੍ਹ ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਦੱਸ ਕੇ ਮਲੌਦ ਵਰਤ ਗਏ ਵਾਕੇ ਦੀ ਖ਼ਬਰ ਦਿਤੀ। ਅਜੇ ਉਹਨੂੰ ਮਲੇਰ ਕੋਟਲੇ ਦੇ ਸਾਕੇ ਦੀ ਖ਼ਬਰ ਨਹੀਂ ਸੀ ਮਿਲੀ। ਮਲੌਦ ਵਿਚ ਜਿਹੜੀ ਭਿਆਨਕਤਾ ਵਰਤੀ ਤੇ ਜਿਹੜੀ ਹੁਣ ਸਜ਼ਾ ਦੇਣ ਨਾਲ ਵਰਤਣੀ ਸੀ। ਕਾਵਨ ਨੇ ਉਸ ਸਮੂਹ ਅਗੇ ਰਖ ਦਿਤੀ।

ਗੁਰੂ ਰਾਮ ਸਿੰਘ ਜੀ ਮਲੌਦੋਂ ਆਉਂਦੇ ਹੋਏ ੧੬ ਤੇ ੧੭ ਜਨਵਰੀ ਦੇ ਦਿਨ ਸਿਆਹੜ (ਲੁਧਿਆਣਾ) ਰੁਕੇ। ਮਲੇਰ ਕੋਟਲੇ ਉਤੇ ਸਿੰਘਾਂ ਦੇ ਹਮਲੇ ਦੀ ਖ਼ਬਰ ਵੀ ਏਥੇ ਹੀ ਸੁਣੀ, ਤੇ ਏਥੇ ਹੀ ਸੁਣੀ ਤੋਪਾਂ ਦੀ ਗਰਜ ਜਿਨ੍ਹਾਂ ਨਾਲ ਮਿ: ਕਾਵਨ ਨੇ ਕੂਕੇ ਸਿੰਘਾਂ ਦੀਆਂ ਦੇਹਾਂ ਨੂੰ ਤੂੰਬਾ ਤੂੰਬਾ ਕਰ ਉਡਾਇਆ ਸੀ। ਡਿਪਟੀ ਕਮਿਸ਼ਨਰ ਕਾਵਨ ਨੇ ਕਮਿਸ਼ਨਰ ਦਾ ਹੁਕਮ ਜਾਂ ਹੋਰ ਵਡੇ ਅਧਿਕਾਰੀਆਂ ਦੀ ਰਾਇ ਨੂੰ ਨਹੀਂ ਉਡੀਕਿਆ, ਸਗੋਂ ਉਸ ਕਮਿਸ਼ਨਰ ਅੰਬਾਲਾ ਡਵੀਜ਼ਨ, ਮਿ: ਫੋਰਸਿਥ ਨੂੰ ਲਿਖਿਆ : "...ਮੈਂ ਵੱਡੀ ਜਿਮੇਵਾਰੀ ਚੁੱਕਣ ਲੱਗਾ ਹਾਂ। ਇਸ ਦੀ ਮੈਨੂੰ ਭਲੀ ਪ੍ਰਕਾਰ ਚੇਤਨਾ ਹੈ। ਪਰ ਮੈਂ ਇਸ ਗੱਲੋਂ ਸੰਤੁਸ਼ਟ ਹਾਂ ਕਿ ਮੈਂ ਇਹ ਕੰਮ ਸਰਕਾਰ ਦੇ ਲਾਭ ਲਈ ਕਰ ਰਿਹਾ ਹਾਂ ਕਿਉਂਕਿ ਇਸ ਬਗ਼ਾਵਤ ਦਾ ਤਲਾ ਮੂਲ ਆਰੰਭ ਵਿਚ ਤੁਰਤੋਂ ਫੁਰਤ ਹੀ ਪੁੱਟ ਦੇਣਾ ਚਾਹੀਦਾ ਹੈ।"**

ਸੋ ਬਰਤਾਨਵੀ ਰਾਜ ਦੇ ਭਲੇ ਲਈ, ਖ਼ਾਲਸਾ ਰਾਜ ਦੇ ਚਾਹਵਾਨਾਂ ਤੇ ਗਊਦੋਖੀਆਂ ਦਾ ਨਾਸ ਕਰਨ ਵਾਲਿਆਂ ਨੂੰ, ਪੁਲਿਸ ਦਸਤਿਆਂ ਨਾਲ ਪਿੰਡ ਰੜ ਵਿਚੋਂ ਮੰਗਵਾ ਕੇ ੧੭ ਜਨਵਰੀ ੧੮੭੨ ਵਾਲੇ ਦਿਨ, ਜਮਾਲਪੁਰ ਲਾਗੇ ਪਰੇਡ ਮੈਦਾਨ ਵਿਚ, ਸਿੱਖ ਰਿਆਸਤਾਂ ਦੀਆਂ ਤੋਪਾਂ ਨਾਲ ਉਡਾ ਦਿਤਾ। ੯ ਤੋਪਾਂ ਵਿਚੋਂ ੨ ਤੋਪਾਂ ਸੰਭਵ ਹਮਲੇ ਦੀ ਰੋਕ ਲਈ ਤੇ ੭ ਤੋਪਾਂ ਸਿੰਘਾਂ ਨੂੰ ਭੁੰਨਣ ਲਈ ਬੀੜੀਆਂ ਗਈਆਂ। ਸਿੰਘ ੭ ਤੋਪਾਂ ਅਗੇ ਵਾਰੋ ਵਾਰੀ ੭-੭ ਕਰ ਕੇ ਖੜੇ ਮੱਥੇ ਆਉਂਦੇ ਅਤੇ ਸਿੱਧੇ ਮੂੰਹ ਹੋ ਕੇ ਪਾਣ ਦਿੰਦੇ। ਇਸ ਮੌਕੇ ਪੁਲਿਸ ਦੀ ਨਫ਼ਰੀ ੭੫੦ ਸੀ। ਫੜੇ ਗਏ ਕੂਕਿਆਂ ਵਿਚੋਂ ੪੯ ਨੂੰ ਹਜ਼ਾਰਾਂ ਲੋਕਾਂ ਦੇ ਸਾਹਮਣੇ ਇਹ ਸਬਕ ਸਿਖਾਂਦੀ ਸਜ਼ਾ ਦਿਤੀ ਗਈ। ਇਕ ਬਿਸ਼ਨ ਸਿੰਘ ਨਾਮੀ ਕਿਸ਼ੋਰ ਬੱਚੇ ਨੇ ਕਾਵਨ ਨੂੰ ਦਾੜ੍ਹੀਓਂ ਜਾ ਫੜਿਆ, ਉੱਨਾ ਚਿਰ ਨਾ ਛਡਿਆ, ਜਦ ਤਕ ਉਸ ਦਾ ਸਿਰ ਧੜ ਨਾਲੋਂ ਜੁਦਾ ਨਾ ਹੋ ਗਿਆ। ਕੋਲ ਖਲੋਤਿਆਂ ਵਿਚੋਂ ਕਿਸੇ ਕਾਵਨ ਦੀ ਰੱਖਿਆ ਲਈ ਉਸ ਦਾ ਸਿਰ ਵੀ ਤਲਵਾਰ ਨਾਲ ਕਲਮ ਕਰ ਦਿਤਾ।

* ਨਾਮਧਾਰੀ ਇਤਿਹਾਸ, ਸ: ਨਾਹਰ ਸਿੰਘ, ਪੰਨਾ।

** ਨਾਮਧਾਰੀ ਇਤਿਹਾਸ, ਸ: ਨਾਹਰ ਸਿੰਘ, ਪੰਨਾ।



Sri Satguru Jagjit Singh Ji eLibrary NamdhariElibrary@gmail.com

ਸਿੰਘਾਂ ਦਾ ਇਸ ਉਤਸ਼ਾਹ ਨਾਲ ਮਰਨਾ ਉਸ ਸਪਿਰਟ ਦਾ ਲਖਾਇਕ ਸੀ ਜੁ ਗੁਰੂ ਰਾਮ ਸਿੰਘ ਜੀ ਨੇ ਆਮ ਮਨੁੱਖ ਵਿਚ ਪੈਦਾ ਕਰ ਦਿਤੀ। ਅਸਮਾਨ ਵਿਚ ਬੋਟੀ ਬੋਟੀ ਹੋ ਕੇ ਉੱਡਦੇ ਪਹਿਲੇ ਕੂਕਿਆਂ ਨੂੰ ਵੇਖ, ਦੂਜਿਆਂ ਨੂੰ ਚਾਅ ਚੜ੍ਹਦਾ ਤੇ ਉਹ ਵੀ ਓਸੇ ਉਤਸ਼ਾਹ ਨਾਲ ਤੋਪਾਂ ਮੂਹਰੇ ਜਾਂਦੇ ; ਹਜ਼ਾਰਾਂ ਲੋਕ, ਜੋ ਬਗ਼ਾਵਤੋਂ ਤੋਬਾ ਕਰਵਾਣ ਦੀ ਗ਼ਰਜ਼ ਨਾਲ ਏਥੇ ਦਰਸ਼ਕਾਂ ਦੇ ਤੌਰ ਤੇ 'ਕੱਠੇ ਕੀਤੇ ਹੋਏ ਸਨ, ਤਾਂ ਤ੍ਰਾਸ ਤ੍ਰਾਸ ਕਰ ਰਹੇ ਸਨ, ਪਰ ਕੂਕੇ ਸ਼ਹੀਦ ਮਰਨ ਮੰਡਣ ਦਾ ਇਕ ਆਦਰਸ਼ਕ ਇਤਿਹਾਸ ਲਿਖ ਰਹੇ ਸਨ।

ਗੁਰੂ ਰਾਮ ਸਿੰਘ ਦਾ ਸਿੱਖ ਬਣਨ ਵੇਲੇ ਹਰ ਕਿਸੇ ਨੂੰ ਇਹ ਸ਼ਬਦ ਯਾਦ ਕਰਵਾਇਆ ਜਾਂਦਾ ਸੀ।

ਜਉ ਤਉ ਪ੍ਰੇਮ ਖੇਲਨ ਕਾ ਚਾਉ<br>
ਸਿਰੁ ਧਰ ਤਲੀ ਗਲੀ ਮੇਰੀ ਆਉ<br>
ਇਤੁ ਮਾਰਗਿ ਪੈਰ ਧਰੀਜੈ<br>
ਸਿਰੁ ਦੀਜੈ ਕਾਣਿ ਨ ਕੀਜੈ ॥

ਇਮਤਿਹਾਨ ਵਿਚੋਂ ਕੂਕੇ ਸਿੰਘ ਪਾਸ ਹੋ ਚੁੱਕੇ ਸਨ। ਏਨੀ ਨਿਰਭੈਤਾ ਤੇ ਸਿਦਕ-ਦਿਲੀ ਨਾਲ ਗੁਰੂ ਅਰਜਨ, ਗੁਰੂ ਤੇਗ਼ ਬਹਾਦਰ ਦੀਆਂ ਸ਼ਹਾਦਤਾਂ ਦੇ ਚੰਡੇ ਹੋਏ ਤੇ ਗੁਰੂ ਰਾਮ ਸਿੰਘ ਤੋਂ ਪ੍ਰੇਰਤ ਲੋਕ ਹੀ ਮਰ ਸਕਦੇ ਸਨ।

ਕੂਕਿਆਂ ਦੇ ਫੜੇ ਗਏ ਇਸ ਗਰੋਹ ਨੂੰ ਜਦੋਂ ਕਾਨੂੰਨ ਸਾਹਮਣੇ ਪੇਸ਼ ਕੀਤਾ ਗਿਆ ਤਾਂ ਸ਼ਹੀਦਾਂ ਦੇ ਸਰਦਾਰ ਹੀਰਾ ਸਿੰਘ ਦੀ ਮਿ: ਕਾਵਨ ਨਾਲ ਹੋਈ ਗੱਲ ਬਾਤ ਨੂੰ ਬਾਬਾ ਸੰਤੋਖ ਸਿੰਘ ਨੇ ਸਤਿਗੁਰੂ ਬਿਲਾਸ ਵਿਚ ਇੰਜ ਕਲਮ ਬੰਦ ਕੀਤਾ ਹੈ :

"ਬਿੱਲੇ ਨੇ ਹੀਰਾ ਸਿੰਘ ਸੇ ਪੁਛਿਆ : ਤੁਮਨੇ ਗਦਰ ਕਿਉਂ ਮਚਾਇਆ ਹੈ ? ਹੀਰਾ ਸਿੰਘ ਨੇ ਕਿਹਾ : ਅਸੀਂ ਫ਼ਰੰਗੀਆਂ ਦਾ ਰਾਜ ਨਹੀਂ ਚਾਹੁੰਦੇ। ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋੜਾ ਰਾਜ ਨਹੀਂ ਮੁਕਦਾ ਗਦਰ ਮਚਾਵਾਂ ਗੇ। ਸਿਰ ਲਵਾਂਗੇ ਤੇ ਦੇਵਾਂਗੇ। ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ। ਮੁੜ ਮੁੜ ਜੰਮਾਂਗੇ ਤੇ ਥੁਆਨੂੰ ਮਾਰਾਂਗੇ। ਤੁਸੀਂ ਗਊ ਬੱਧ ਕਰਦੇ ਹੋ ਅਸੀਂ ਗਊ ਬੱਧ ਨਹੀਂ ਸਹਾਰ ਸਕਦੇ ਹੈਂ। ਬਿੱਲਾ (ਅੰਗਰੇਜ਼) ਬੋਲਿਆ : ਹਮ ਜਾਨਤੇ ਹੈਂ ਤੁਮ ਨੇ ਰਾਜ ਕੇ ਲੀਏ ਗ਼ਦਰ ਮਚਾਇਆ। ਪਰ ਰਾਜ ਸਾਨੂੰ ਖ਼ੁਦਾ ਦਾ ਦੀਆ ਹੂਆ ਹੈ, ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ।"

ਅੰਗਰੇਜ਼ ਹਾਕਮ ਦੀ ਗੱਲ ਠੀਕ ਸੀ। ਐਵੇਂ ਰਾਜ ਕਦੋਂ ਖੁਸਦੇ ਹਨ, ਸਿਰ ਦੇਣੇ ਹੀ ਪੈਂਦੇ ਹਨ। ਸੋ ਨਾਮਧਾਰੀਆਂ ਨੇ ਸਿਰ ਦੇਣ ਦਾ ਸ੍ਰੀ ਗਣੇਸ਼ ਕਰ ਦਿਤਾ ਸੀ।...

੧੬ ਸਿੰਘ ੧੮ ਜਨਵਰੀ ਨੂੰ ਤੋਪਾਂ ਦਾ ਖਾਜਾ ਬਣਾ ਕੇ ਅੰਗਰੇਜ਼ ਹਾਕਮਾਂ ਸੁਖ ਦਾ ਸਾਹ ਲਿਆ। ਇਸ ਜਥੇ ਵਿਚ ਦੋ ਇਸਤਰੀਆਂ ਵੀ ਸਨ, ਉਹ ਵੀ ਭਰਾਵਾਂ ਨਾਲ ਸ਼ਹੀਦ ਹੋਣ ਨੂੰ ਤਿਆਰ ਸਨ, ਪਰ ਉਹਨਾਂ ਨੂੰ ਰਿਆਸਤ ਪਟਿਆਲਾ ਦੇ ਬਹਾਦਰਗੜ੍ਹ ਕਿਲ੍ਹੇ ਵਿਚ ਕੈਦ ਕਰ ਦਿਤਾ ਗਿਆ।

ਪਹਿਲੇ ੪੯ ਨੂੰ ਕਾਵਨ ਨੇ ਸਿੱਧਾ ਹੀ ਆਪਣੇ ਹੁਕਮ ਨਾਲ, 'ਸਰਕਾਰ ਦੇ ਭਲੇ



Sri Satguru Jagjit Singh Ji eLibrary NamdhariElibrary@gmail.com

ਲਈ', ਤੋਪਾਂ ਅਗੇ ਉਡਾਇਆ। ਦੂਜਿਆਂ, ੧੯ ਨੂੰ ਅਗਲੇ ਦਿਨ ਆਪਣੀ ਹੀ ਕਚਹਿਰੀ ਲਾ, ਕਮਿਸ਼ਨਰ ਫੋਰਸਿਥ ਦੇ ਦਸਤਖ਼ਤ ਕਰਵਾ, ਤੂੰਬੇ ਤੂੰਬੇ ਕਰ ਦਿਤਾ। ਏਨੇ ਵਿਚ ਗੁਰੂ ਰਾਮ ਸਿੰਘ ਜੀ ਅਤੇ ਖ਼ਾਸ ਖ਼ਾਸ ਸੂਬਿਆਂ ਨੂੰ ਅਲਾਹਾਬਾਦ ਦੇ ਕਿਲ੍ਹੇ ਵਿਚ ਬੰਦੀ ਕਰਨ ਲਈ ਗੱਡੀ ਤੇ ਚਾੜ੍ਹ ਦਿਤਾ ਗਿਆ ਸੀ।

ਕੂਕਾ ਤਹਿਰੀਕ ਆਪਣੀ ਚੜ੍ਹਤ ਸਮੇਂ ਅੱਤਵਾਦੀ ਸੂਰਮਿਆਂ ਹਥੋਂ ਕੁਰਬਾਨੀਆਂ ਦੇ ਪਾਣੀ ਵਿਚ ਇਕ ਵੇਰ ਡੁੱਬ ਗਈ। ਹੁਣ ਵਾਰੀ ਸੀ ਰਾਜਸੀ ਦਬਾਉ ਚੱਕਰ ਦੀ।

ਸੂਬਾ ਸਾਹਿਬ ਸਿੰਘ ਦੀ ਕਹਾਣੀ ਕੂਕਾ ਤਹਿਰੀਕ ਨਾਲ ਓਤ ਪੋਤ ਹੈ। ਇਸ ਲਈ ਸੰਖੇਪਤਾ ਵਿਚ ਇਸ ਦਾ ਫ਼ਿਕਰ ਕਰਨਾ ਜ਼ਰੂਰੀ ਸੀ।

## ਜਲਾਵਤਨੀ

ਗੁਰੂ ਰਾਮ ਸਿੰਘ ਜੀ ਅਤੇ ਸਾਹਿਬ ਸਿੰਘ ਆਦਿ ਸੂਬੇ ਮਿ: ਕਾਵਨ ਦੇ ਬੁਲਾਵੇ ਤੇ ਮਲੋਦ ਘੋੜੀਆਂ ਤੇ ਗਏ ਸਨ। ਇਕ ਗੱਡਾ ਵੀ ਨਾਲ ਸੀ। ਜਿਸ ਤੇ ਥੋੜੇ ਸਮੇਂ ਬਾਅਦ ਗੁਰੂ ਰਾਮ ਸਿੰਘ ਜੀ ਬੈਠ ਗਏ। ਇਸ ਵੇਲੇ ਸਭ ਦੀਆਂ ਅੱਖਾਂ ਅੱਗੇ ਉਸ ਭਿਆਨਕ ਵਾਪਰਨਾ ਦੀਆਂ ਤਸਵੀਰਾਂ ਅਨੇਕਾਂ ਪੱਖਾਂ ਤੋਂ ਆ ਰਹੀਆਂ ਸਨ। ਕਦੇ ਵਿਚਾਰ ਵਟਾਂਦਰਾ ਹੁੰਦਾ, ਕਦੇ ਚੁੱਪ ਛਾ ਜਾਂਦੀ ਅਤੇ ਫਿਰ ਕਿਸੇ ਜ਼ੋਰਦਾਰ ਫ਼ਿਕਰੇ ਨਾਲ ਚੁੱਪ ਟੁੱਟ ਜਾਂਦੀ। ਹਾਸਾ ਠੱਠਾ ਵੀ ਚਲ ਜਾਂਦਾ। ਪੰਧ ਤਾਂ ਤੈਅ ਕਰਨਾ ਹੀ ਸੀ। ਵਾਪਸੀ ਤੇ ਜਦੋਂ ਸਿਆਹੜ ਨੂੰ ਚਲੇ ਤਾਂ ਬਾਬਾ ਜਵਾਹਰ ਸਿੰਘ ਜੀ ਨੇ ਸੂਬਾ ਸਾਹਿਬ ਸਿੰਘ ਜੀ ਨਾਲ ਛੇੜਖਾਨੀ ਕੀਤੀ : "ਸਾਹਿਬ ਸਿੰਘ ਹੁਣ ਨਹੀਂ ਪੀਣੀ ਮਿਲਦੀ ਕੋਠੜੀ ਦੇ ਵਿਚ ਬੈਠ ਕੇ ਸਰਦਾਈ।"* ਗੱਲ ਤਾਂ ਭਾਵੇਂ ਸਾਹਿਬ ਸਿੰਘ ਹੁਰਾਂ ਨੂੰ ਸੁਣਾ ਕੇ ਕੀਤੀ ਗਈ, ਪਰ ਬਾਬਾ ਜਵਾਹਰ ਸਿੰਘ ਵੀ ਆਪਣੀ ਹੋਣੀ ਇਸ ਤੋਂ ਵਖਰਿਆਂ ਨਹੀਂ ਸੀ ਮਿਥਦੇ।

ਸ਼ਹੀਦੀ ਜਥੇ ਦੀ ਤਿਆਰੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਮਸਤਾਨਿਆਂ ਨੂੰ ਵਾਸਤਾ ਪਾਇਆ ਸੀ : "ਤੁਸੀਂ ਕਹਿੰਦੇ ਹੋ ਹੁਕਮ ਦੇਵੋ, ਹੁਕਮ ਦੇਵੋ, ਮੈਂ ਤਾਂ ਕੁਝ ਨਹੀਂ ਕਹਿੰਦਾ ਕਿਉਂਕਿ ਪਨੀਰੀ ਛੋਟੀ ਹੈ। ਸਮਾਂ ਨਹੀਂ ਹੈ। ਹਾਲ ਭਜਨ ਬਾਣੀ ਕਰੋ।"** ਪਰ ਕੌਣ ਸੁਣਦਾ ਸੀ ਓਦੋਂ। ਜਿਸ ਮੁਸ਼ਕਲ ਦਾ ਅਜ ਸਾਹਮਣਾ ਕਰਨਾ ਪੈ ਰਿਹਾ ਸੀ ਇਸੇ ਦੀ ਗੰਭੀਰਤਾ ਨੂੰ ਭਾਂਪਦਿਆਂ ਸਤਿਗੁਰੂ ਆਪਣੇ ਸਿੱਖਾਂ ਸਾਹਵੇਂ ਗਲ ਵਿਚ ਪੱਲਾ ਪਾ ਖਲੋਤੇ ਸਨ। ਪਰ ਅੱਤਵਾਦੀਆਂ ਨੂੰ ਰੋਕਣ ਦਾ ਮਤਲਬ ਬੁਜ਼ਦਿਲੀ ਤੇ ਗ਼ੱਦਾਰੀ ਹੀ, ਉਨ੍ਹਾਂ ਵਲੋਂ, ਲਿਆ ਜਾਂਦਾ ਹੈ।

ਗ਼ਦਰ ਦੇ ੧੪ ਸਾਲਾਂ ਮਗਰੋਂ ਇਸ ਦੂਜੀ ਸ਼ਾਨਦਾਰ ਬਗਾਵਤ ਨੂੰ ਅਸਫਲਤਾ ਦਾ ਮੂੰਹ ਵੇਖਣਾ ਪਿਆ। ਪ੍ਰੰਤੂ ਅੱਗੇ ਆਉਣ ਵਾਲੇ ਮਹਾਨ ਸੁਤੰਤਰਤਾ ਸੰਗਰਾਮ ਵਿਚ ਇਸ ਅਦਭੁਤ ਕੁਰਬਾਨੀ ਭਰੇ ਕਾਰਨਾਮੇ ਨੇ ਸਦਾ ਹੀ ਪ੍ਰੇਰਨਾ ਦਿਤੀ। ਜਦੋਂ ਸ: ਭਗਤ ਸਿੰਘ ਸ਼ਹੀਦ ਨੇ ਫ਼ਾਂਸੀ ਤੇ ਝੂਟਾ ਲੈਣ ਤੋਂ ਪਹਿਲੋਂ ਵਿਦੇਸੀ ਹਾਕਮਾਂ ਨੂੰ

* ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।

** ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।



Sri Satguru Jagjit Singh Ji eLibrary NamdhariElibrary@gmail.com

ਲਲਕਾਰਿਆ ਸੀ ਓਦੋਂ ਉਸ ਵਿਚ ਗਿਆਨੀ ਰਤਨ ਸਿੰਘ ਤੇ ਹੀਰਾ ਸਿੰਘ ਦੀ ਰੂਹ ਹੀ ਬੋਲ ਰਹੀ ਸੀ। ਉਹੋ ਸ਼ਬਦ ਸਨ ਦੂਜੇ ਮੁਖੜੇ 'ਚੋਂ ਨਿਕਲੇ ਹੋਏ ਜੋ ਜੁਗਾਂ ਤੋਂ ਮਹਿਕੂਮ ਆਪਣੇ ਹਾਕਮਾਂ ਨੂੰ ਵੰਗਾਰਨ ਲਈ ਵਰਤਦੇ ਆਏ ਹਨ।

ਉਧੇੜ ਬੁਣ ਵਿਚ ਪਏ ਹੋਏ ਸਤਿਗੁਰੂ ਜੀ ਅਤੇ ਸੂਬੇ ਜਦੋਂ ੧੭ ਜਨਵਰੀ ੧੮੭੨ ਨੂੰ ਬਾਅਦ ਦੁਪਹਿਰ ਭੈਣੀ ਸਾਹਿਬ ਪਹੁੰਚੇ ਤਾਂ ਏਥੇ ਇਕੱਤ੍ਰਤ ਨਾਮਧਾਰੀਆਂ ਵਿਚ ਇਸ ਤੋਂ ਵੀ ਵੱਧ ਵਰਤਣ ਵਾਲੇ ਭਾਣੇ ਦਾ ਤੌਖਲਾ ਹਰੇਕ ਦੀ ਜ਼ਬਾਨ ਤੇ ਸੀ। ਸਤਿਗੁਰੂ ਜੀ ਨੂੰ ਵਾਪਸ ਆਇਆਂ ਵੇਖ ਸਾਰਿਆਂ ਦੇ ਸਾਹ ਵਿਚ ਸਾਹ ਆਇਆ ਅਜੇ ਮਨ ਦਾ ਭਾਰ ਹੌਲਾ ਹੋਣ ਹੀ ਲਗਾ ਸੀ ਕਿ ਕਮਿਸ਼ਨਰ ਫੋਰਸਿਥ ਦਾ ਪਰਵਾਨਾ ਲੈ ਕੇ ਸਾਹਨੇਵਾਲ ਦਾ ਥਾਣੇਦਾਰ ਫਿਰ ਆ ਗਿਆ। ਹੁਣੇ ਲੁਧਿਆਣੇ ਚਲਣਾ ਸੀ।

੧੬ ਜਨਵਰੀ ੧੮੭੨ ਨੂੰ ਪੰਜਾਬ ਦੇ ਲਾਟ ਸਾਹਿਬ ਨੇ ਦਿੱਲੀਓਂ ਕਲਕੱਤੇ ਵਾਇਸਰਾਇ ਹਿੰਦ ਵੱਲ ਇਕ ਲੰਮੀ ਚੌੜੀ ਤਾਰ ਭੇਜੀ ਜਿਸ ਵਿਚ ਉਸ ਨੇ ਅੰਬਾਲਾ ਡਵੀਜ਼ਨ ਦੇ ਕਮਿਸ਼ਨਰ ਨੂੰ ਗੁਰੂ ਰਾਮ ਸਿੰਘ ਅਤੇ ਉਨ੍ਹਾਂ ਦੇ ਸੂਬਿਆਂ ਦੀ ਗ੍ਰਿਫ਼ਤਾਰੀ ਦੇ ਅਧਿਕਾਰ ਦੇ ਦਿਤੇ ਸਨ। ਇਸੇ ਦਿਨ ਪੰਜਾਬ ਸਰਕਾਰ ਦੇ ਸਕੱਤਰ ਨੇ ਹਿੰਦ ਸਰਕਾਰ ਦੇ ਸਕੱਤਰ ਨੂੰ ਕਲਕੱਤੇ ਚਿੱਠੀ ਲਿਖੀ : ਲਾਟ ਸਾਹਿਬ ਨੇ (ਗੁਰੂ) ਰਾਮ ਸਿੰਘ ਅਤੇ ਉਸ ਦੇ ਵਡੇ ਅਸਰ ਰਸੂਖ ਵਾਲੇ ਸੂਬਿਆਂ ਸਾਹਿਬ ਸਿੰਘ, ਰੂੜ ਸਿੰਘ. ਲੱਖਾ ਸਿੰਘ, ਕਾਹਨ ਸਿੰਘ, ਬ੍ਰਹਮਾ ਸਿੰਘ, ਜਵਾਹਰ ਸਿੰਘ, ਮਲੂਕ ਸਿੰਘ ਅਤੇ ਹੁਕਮ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦੇ ਦਿਤੇ ਹਨ। (ਗੁਰੂ) ਰਾਮ ਸਿੰਘ ਦੀ ਗ੍ਰਿਫ਼ਤਾਰੀ ਛੇਤੀ ਤੋਂ ਛੇਤੀ ਅਮਲ ਵਿਚ ਲਿਆਂਦੀ ਜਾਵੇਗੀ। ਨਾਲ ਹੀ ਪੰਜਾਬ ਸਰਕਾਰ ਦੇ ਸਕੱਤਰ ਨੇ ਲਾਟ ਸਾਹਿਬ ਵਲੋਂ ਬੇਨਤੀ ਕੀਤੀ ਸੀ ਕਿ ਇਨ੍ਹਾਂ ਉਕਤ ਸਾਰੇ ਸੱਜਣਾਂ ਦੇ ਖ਼ਿਲਾਫ਼ ਰੈਗੂਲੇਸ਼ਨ ਨੰ: ੩ ਸਾਲ ੧੮੧੮ ਅਨੁਸਾਰ ਵਾਰੰਟ ਜਾਰੀ ਕਰ ਦੇਣ।

ਭੈਣੀ ਸਾਹਿਬ ਵਿਚ ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦੀਆਂ ਅੰਤਮ ਘੜੀਆਂ ਦੀ ਤਸਵੀਰ "ਸਤਿਗੁਰੂ ਬਿਲਾਸ" ਅਨੁਸਾਰ : "ਪਹਿਲੇ ਤਾਂ ਬਚਨ ਕੀਤਾ। ਪਾਓ ਘੋੜਿਆਂ ਪਰ ਕਾਠੀਆਂ। ਫੇਰ ਬਚਨ ਕੀਤਾ : ਘੋੜੇ ਥੱਕੇ ਆਏ ਹੈਨ ਗੱਡਾ ਤਿਆਰ ਕਰੋ। ਹੁਕਮ ਹੋਇਆ : ਗੁਰਦਿਤ ਸਿੰਘ ਗੱਡਾ ਤਿਆਰ ਕਰੋ ਪੱਖਲੀਆਂ ਲਾਏ ਕੇ, ਕੋਠੇ ਵਾਂਗੂ।...ਪੱਖਲੀਆਂ ਲਾਇ ਗੱਡਾ ਤਿਆਰ ਕੀਤਾ। ਤੰਬੂ ਵਾਂਗੂੰ ਹੋਇ ਗਇਆ। ਸਸਿਆਂ (ਉੱਨ) ਦੀ ਦਸਤਾਰ ਸੀਸ ਬੰਧੀ। ਏਕ ਕਾਲੀ ਕੰਬਲੀ ਉਤੇ ਲਈ। ਬਚਨ ਕੀਤਾ : ਅਰਦਾਸਾ ਮੈਂ ਕਰਦਾ ਹਾਂ। ਆਪ ਅਰਦਾਸਾ ਕੀਤਾ। ਕੰਬਲੀ ਦੀ ਬੁੱਕਲ ਮਾਰ ਕੇ ਗੱਡੇ ਮੈਂ ਆਇ ਬੈਠੇ। ਨਾਨੂ ਸਿੰਘ (ਸੇਵਾ ਲਈ) ਨਾਲ ਤਿਆਰ ਹੋਇਆ। ਬਾਬਾ ਜੁਆਹਰ ਸਿੰਘ, ਬਾਬਾ ਸਾਹਿਬ ਸਿੰਘ ਚਹੁੰਆਂ ਨਾਲ, ਗੁਰਦਿਤ ਸਿੰਘ ਗਾਡੀ, ਗੱਡੇ ਮੈ ਬੈਠੇ। ਸਭ ਸਿੰਘ ਖੜੇ ਕਰ ਦਿਤੇ ਖਰਾਸ ਕੀ ਗੁੱਠ ਕੋਲ। ਕਿਹਾ : ਅਗੇ ਕੋਈ ਨ ਆਓ...ਬਚਨ ਕੀਤਾ : ਸਵਾ ਗਿਆਰਾਂ ਰੁਪਏ ਦਾ ਕੜਾਹ ਪ੍ਰਸ਼ਾਦ ਕਰਨਾ। ਬਰਤਾ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਣਾ...ਸੌਂਵੇ ਨਾ ਕੋਈ ਰਾਤ ਨੂੰ। ਜਦ ਗੱਡਾ ਸੜਕ ਪਰ ਗਿਆ ਤਾਂ ਦੋ ਅਸਵਾਰ ਅਗੇ ਤੇ ਦੋ ਅਸਵਾਰ ਪਿਛੇ ਫ਼ਰਕ ਨਾਲ ਤੁਰੇ।"

੧੮ ਜਨਵਰੀ ਨੂੰ ਮਿ: ਫੋਰਸਿਥ ਨੇ ਲਿਖਿਆ ਸੀ : "ਜੇਕਰ ਸਮੁੱਚੇ ਤੌਰ ਤੇ ਸਾਰੇ



Sri Satguru Jagjit Singh Ji eLibrary NamdhariElibrary@gmail.com

ਪੰਜਾਬ ਦੇ ਅਮਨ ਲਈ ਨਹੀਂ, ਤਾਂ ਘੱਟੋ ਘੱਟ ਜ਼ਿਲਾ ਲੁਧਿਆਣੇ ਵਿਚ ਅਮਨ ਸ਼ਾਂਤੀ ਕਾਇਮ ਰਖਣ ਲਈ, ਮੈਂ ਇਹ ਜ਼ਰੂਰੀ ਸਮਝਦਾ ਹਾਂ ਕਿ ਕੂਕਾ ਫਿਰਕੇ ਦੇ ਆਗੂ, ਗੁਰੂ ਰਾਮ ਸਿੰਘ ਨੂੰ ਇਕਦਮ ਪੰਜਾਬ ਵਿਚੋਂ ਦੇਸ ਨਿਕਾਲਾ ਦੇ ਦਿਤਾ ਜਾਵੇ। ਉਸ ਨੂੰ ਅਲਾਹਾਬਾਦ ਭੇਜ ਦਿਤਾ ਜਾਵੇ। ਹਿੰਦ ਸਰਕਾਰ ਦੇ ਉਸ ਸੰਬੰਧੀ ਆਖ਼ਰੀ ਪੱਕੇ ਫ਼ੈਸਲੇ ਦੇ ਹੁਕਮ ਤੱਕ, ਉਸ ਨੂੰ ਅਲਾਹਾਬਾਦ ਹੀ ਨਿਗਰਾਨੀ ਵਿਚ ਰਖਿਆ ਜਾਵੇ। ਕਮਿਸ਼ਨਰ ਨੇ ਬੜੇ ਜ਼ੋਰਦਾਰ ਲਫ਼ਜ਼ਾਂ ਵਿਚ ਲਿਖਿਆ : "ਐਸੇ ਆਦਮੀ ਨੂੰ ਖੁਲ੍ਹੇ ਰਹਿਣ ਦੀ ਇਜਾਜ਼ਤ ਦੇਣਾ ਬੇਹਦ ਖ਼ਤਰਨਾਕ ਹੈ।"*

੧੯ ਜਨਵਰੀ ਨੂੰ ਕਮਿਸ਼ਨਰ ਫੋਰਸਿਥ ਨੇ ਪੰਜਾਬ ਸਰਕਾਰ ਦੇ ਸਕੱਤਰ ਨੂੰ ਲਿਖਿਆ : ਗੁਰੂ ਰਾਮ ਸਿੰਘ ਦੋ ਸੂਬਿਆਂ, ਸਾਹਿਬ ਸਿੰਘ ਅਤੇ ਜਵਾਹਰ ਸਿੰਘ ਅਤੇ ਦੋ ਸੇਵਕਾਂ, ਗੁਰਦਿਤ ਸਿੰਘ ਤੇ ਨਾਨੂੰ ਸਿੰਘ, ਸਮੇਤ ੧੭ ਤੇ ੧੮ ਦੀ ਵਿਚਕਾਲੀ ਰਾਤੇ (ਲੁਧਿਆਣੇ) ਇਕ ਕੁ ਵਜੇ ਮੇਰੇ ਪਾਸ ਪਹੁੰਚ ਗਏ ਹਨ। ਮੈਂ ਗੁਰੂ ਰਾਮ ਸਿੰਘ ਤੇ ਬਹੁਤ ਸਾਰੇ ਸਵਾਲ ਕਰਦਾ ਰਿਹਾ ਜਿਸ ਦੇ ਜਵਾਬ ਉਹ ਮੈਨੂੰ ਦਿੰਦੇ ਰਹੇ।

**ਅਲਾਹਾਬਾਦ**

੧੮ ਜਨਵਰੀ ਤੜਕੇ ਇਕ ਵਜੇ ਦੇ ਕਰੀਬ ਗੁਰੂ ਰਾਮ ਸਿੰਘ ਤੇ ਸੂਬੇ ਲੁਧਿਆਣੇ ਮਿ: ਫੋਰਸਿਥ ਪਾਸ ਪਹੁੰਚੇ ਹੋਏ ਚਾਰ ਵਜੇ ਤਕ ਕਮਿਸ਼ਨਰ ਦੀਆਂ ਪੁੱਛਾਂ ਦੇ ਉੱਤਰ ਦਿੰਦੇ ਰਹੇ ਤੇ ਚਾਰ ਵਜੇ ਅੰਮ੍ਰਿਤ ਵੇਲੇ ਡਾਕ ਗੱਡੀ ਦੇ ਇਕ ਖ਼ਾਸ ਡੱਬੇ ਵਿਚ ਮਿ: ਜੈਕਸਨ ਦੀ ਰੱਖਿਆ ਗਾਰਦ ਦੇ ਅਧੀਨ ਗੁਰੂ ਰਾਮ ਸਿੰਘ ਜੀ, ਦੋ ਨਾਲ ਆਏ ਸੂਬੇ ਅਤੇ ਇਕ ਪਹਿਲਾਂ ਹੀ ਲੁਧਿਆਣਿਉਂ ਗ੍ਰਿਫਤਾਰ ਕੀਤਾ ਸੂਬਾ ਲੱਖਾ ਸਿੰਘ, ਅਲਾਹਾਬਾਦ ਨੂੰ ਤੋਰ ਦਿਤੇ। ਮਿ: ਜੈਕਸਨ ਨੂੰ ਇਹਨਾਂ ਦੀ ਨਿਗਰਾਨੀ ਬਾਰੇ ਸਖ਼ਤ ਹਦਾਇਤਾਂ ਦਿਤੀਆਂ ਗਈਆਂ।

ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੇ ਭਿੱਜੀਆਂ ਅੱਖਾਂ ਨਾਲ ਆਪਣੀ ਪਿਆਰੀ ਧਰਤੀ ਨੂੰ ਪਰਣਾਮ ਕੀਤਾ। ਉਸ ਧਰਤੀ ਨੂੰ ਜਿਸ ਦੀ ਬੰਦਖ਼ਲਾਸ ਲਈ ਏਨੀ ਤਕੜੀ ਰਚਨਾ ਕੀਤੀ ਸੀ। ਭਾਵੇਂ ਬੇਵਕਤੀ ਕਾਹਲੀ ਨਾਲ ਹੀ, ਪਰ ਉਹ ਉਨ੍ਹਾਂ ਦੇ ਹੀ 80 ਸਿੱਖ ਸਨ ਜੁ ਭਾਰਤੀਆਂ ਨੂੰ ਝਕਝੋਰਨ ਲਈ ਸ਼ਹੀਦ ਹੋ ਗਏ ! ਕੀ ਬਣੇਗਾ ? ਦੇਸ ਕਿਧਰ ਨੂੰ ਤੁਰੇਗਾ ? ਨਾਮਧਾਰੀਆਂ ਨਾਲ ਕਿਵੇਂ ਵਰਤੇਗੀ ? ਭੈਣੀ ਸਾਹਿਬ ਨਾਲ ਕੀ ਬੀਤੂ ?—ਇਹ ਸੋਚਦਿਆਂ ਹੀ ਸਾਰਾ ਸਫ਼ਰ ਤੈਅ ਹੋ ਗਿਆ।

ਸੂਬਾ ਸਾਹਿਬ ਸਿੰਘ ਜੀ ਨੇ ਇਕ ਵੇਰਾਂ, ਰੇਲ ਵਿਚ, ਸਤਿਗੁਰਾਂ ਨੂੰ ਮਨ ਦੀ ਗੱਲ ਕਹਿ ਹੀ ਦਿਤੀ : "ਐਵੇਂ ਈ ਫੜ ਲਿਆਏ। ਕੁਝ ਹੱਥ ਵੀ ਨ ਦਿਖਾਇਆ ! ਦੀਨਾ ਨਾਥ ਜੀ ਬਚਨ ਕੀਤਾ : ਅੰਗਰੇਜ਼ ਕੀ ਜੜ੍ਹ ਪੱਟ ਕੇ ਹਥੇਲੀ ਤੇ ਧਰੀ ਹੈ।"**

ਸਤਿਗੁਰੂ ਜੀ ਦਾ ਬਚਨ ਸੱਚਾ ਸੀ। ਉਸੇ ਵੇਲੇ ਤੋਂ ਦੂਜੀਆਂ ਤਹਿਰੀਕਾਂ ਉਠ

* ਨਾਮਧਾਰੀ ਇਤਿਹਾਸ; ਸ: ਨਾਹਰ ਸਿੰਘ ਐਮ. ਏ. ਪੰਨਾ ੪੬੧।

** ਸਤਿਗੁਰੂ ਬਿਲਾਸ, ਬਾਬਾ ਸੰਤੋਖ ਸਿੰਘ।



Sri Satguru Jagjit Singh Ji eLibrary NamdhariElibrary@gmail.com

ਪਈਆਂ । ਕੋਈ ਕਾਨੂੰਨੀ ਚਾਰਾਜੋਈਆਂ ਕਰਨ ਵਾਲੀ, ਕੋਈ ਦੇਸ਼ਭਗਤ ਗ਼ਦਰੀ ਬਾਬਿਆਂ ਵਾਲੀ, ਭਾਰਤ ਨੌਜਵਾਨ ਸਭਾ ਵਾਲੀ, ਬਬਰਾਂ ਵਾਲੀ ਅਤੇ ਅੰਤ ਇਕ ਹੜ੍ਹ ਵਰਗੀ ਮਿਲਵੀਂ ਤਹਿਰੀਕ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਗਵਾਈ ਵਾਲੀ । ਦੇਸ਼ ਆਜ਼ਾਦੀ ਦੇ ਕੂਕੇ ਅਲਮ ਬਰਦਾਰ ਤਾਂ ਜਲਾਵਤਨ ਹੋ ਗਏ, ਪਰ ਇਨ੍ਹਾਂ ਤੋਂ ਪਿਛੋਂ ਏਨਾ ਵਡਾ ਬਰਤਾਨਵੀ ਸਾਮਰਾਜ, ਸਭ ਤਰ੍ਹਾਂ ਦੀਆਂ ਤਿਕੜਮਾਂ ਵਰਤ ਕੇ ਕੇਵਲ ੭੫ ਸਾਲ ਹੀ ਹੋਰ ਕਾਇਮ ਰਹਿ ਸਕਿਆ । ਅਤੇ ਅੱਜ ਉਹ ਬਰਤਾਨਵੀ ਯੂਨੀਅਨ ਜੈਕ ਕਿਥੇ ਹੈ ਜਿਸ ਦੇ ਰਾਜ ਵਿਚ ਕਦੇ ਸੂਰਜ ਨਹੀਂ ਸੀ ਡੁਬਦਾ !

ਪੂਰੇ ੧੦੦ ਸਾਲ ਬਾਅਦ ਗੁਰੂ ਰਾਮ ਸਿੰਘ ਜੀ ਦੇ ਸੁਪੋਤਰੇ, ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸੰਗਤ, ਯੂ. ਕੇ. ਦੇ ਉੱਦਮ ਨਾਲ ਲੰਡਨ ਵਿਚ ਜਾ ਕੇ ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦੀ ਜਲਾਵਤਨੀ ਦੀ ਸ਼ਤਾਬਦੀ ਮਨਾਈ । ਦੁਨੀਆਂ ਦੇ ਮਹਾਨ ਸ਼ਹਿਰ ਲੰਡਨ ਦੇ ਮੇਅਰ ਨੇ ਉਸ ਸਭਾ ਦੀ ਪ੍ਰਧਾਨਗੀ ਕੀਤੀ ਜਿਸ ਵਿਚ ਗੋਰੇ-ਸ਼ਾਹੀ ਦੀਆਂ ਜੜ੍ਹਾਂ ਪੁੱਟਣ ਵਾਲੇ ਦੀ ਸ਼ੋਭਾ ਹੋ ਰਹੀ ਸੀ ।

ਪਰ ਉਪਰਲੀ ਗੱਲ ਕਰਦਿਆਂ ਸਾਡੀ ਵਿਥਿਆ ਮੁਕੀ ਨਹੀਂ ।

ਵਿਸਥਾਰ ਵਿਚ ਨਾ ਪੈਂਦਿਆਂ, ਗੁਰੂ ਰਾਮ ਸਿੰਘ ਜੀ ਨੂੰ ਸ਼ਾਹੀ ਕੈਦੀ ਬਣਾ ਬਰਮਾ ਦੇਸ਼ ਦੀ ਰਾਜਧਾਨੀ ਰੰਗੂਨ ਵਿਚ ਨਜ਼ਰਬੰਦ ਕਰ ਦਿਤਾ ਗਿਆ । ਸਾਹਿਬ ਸਿੰਘ ਜੀ ਨਾਲ ਜੋ ਬੀਤੀ ਅਗੇ ਉਸ ਨੂੰ ਸਰਕਾਰੀ ਕਾਗਜ਼ਾਤ ਦੁਆਰਾ ਹੀ ਬਿਆਨ ਕਰਾਂਗੇ । ਇਸ ਨਾਲ ਮਾਮੂਲੀ ਤੌਰ ਤੇ ਦੂਜੇ ਸੂਬਿਆਂ ਦਾ ਜ਼ਿਕਰ ਆ ਜਾਣਾ ਵੀ ਕੁਦਰਤੀ ਹੈ ।

ਅਲਾਹਾਬਾਦ ਦੇ ਮੈਜਿਸਟਰੇਟ ਨੂੰ ੧੧ ਕੂਕਿਆਂ ਦੇ ਰੈਗੂਲੇਸ਼ਨ ਨੰ: ੩, ਸਾਲ ੧੮੧੮ ਦੇ ਅਧੀਨ ਵਾਰੰਟ ਭੇਜ ਦਿਤੇ ਗਏ । ਹੁਣ ਪਰਾਗ ਰਾਜ ਦੇ ਕਿਲ੍ਹੇ ਵਿਚ ਹੇਠ ਲਿਖੇ ਸੂਬੇ ਰਹਿ ਗਏ । ਪਹਿਲੇ ਗਰੁਪ 'ਚੋਂ ਬਾਬਾ ਜਵਾਹਰ ਸਿੰਘ, ਸੂਬਾ ਸਾਹਿਬ ਸਿੰਘ ਅਤੇ ਬਾਬਾ ਲੱਖਾ ਸਿੰਘ । ਮਗਰੋਂ ਬਾਬਾ ਕਾਨ੍ਹ ਸਿੰਘ, ਬਾਬਾ ਬ੍ਰਹਮਾ ਸਿੰਘ, ਬਾਬਾ ਰੂੜ ਸਿੰਘ, ਬਾਬਾ ਮਲੂਕ ਸਿੰਘ, ਬਾਬਾ ਹੁਕਮ ਸਿੰਘ, ਬਾਬਾ ਮਾਨ ਸਿੰਘ ਅਤੇ ਸ. ਮੰਗਲ ਸਿਘ ਗ੍ਰਿਫ਼ਤਾਰ ਕਰਕੇ ਛੇਤੀ ਹੀ ਘੱਲ ਦਿਤੇ ਗਏ ਸਨ ।

## ਚਿੱਠੀ ਪੱਤਰ

ਆਓ, ਅੱਗੇ ਆਪਾਂ ਸਰਕਾਰੀ ਚਿੱਠੀ ਪੱਤਰ ਦੀਆਂ ਲੋੜੀਂਦੀਆਂ ਟੂਕਾਂ ਦੀ ਸੰਖੇਪਤਾ ਨੂੰ ਤਾਰੀਖ਼ਵਾਰ ਪੜ੍ਹੀਏ ਅਤੇ ਸਰਕਾਰੀ ਦ੍ਰਿਸ਼ਟੀ ਤੋਂ ਸਾਰੇ ਅਗਲੇ ਹਾਲਾਤ ਨੂੰ ਸਮਝੀਏ । ਪੌਣੇ ਸੈਂਕੜੇ ਤੋਂ ਵੱਧ ਕੂਕਿਆਂ ਨੂੰ ਫਾਹੇ ਲਾ, ਤੋਪਾਂ ਅਗੇ ਉਡਾ, ਕੂਕਾ ਤਹਿਰੀਕ ਦੇ ਚੋਟੀ ਦੇ ਆਗੂਆਂ ਨੂੰ ਅਲਾਹਾਬਾਦ ਕਿਲ੍ਹੇ ਵਿਚ ਕੈਦ ਰਖ, ਗੁਰੂ ਰਾਮ ਸਿੰਘ ਜੀ ਨੂੰ ਦੇਸ ਨਿਕਾਲਾ ਦੇ ਅੰਗਰੇਜ਼ ਸਰਕਾਰ ਨੇ ਆਪਣੀ ਮਸ਼ੀਨਰੀ ਨੂੰ ਕੂਕਿਆਂ ਦੇ ਖ਼ਿਲਾਫ਼ ਪ੍ਰਾਪੇਗੰਡੇ, ਉਨ੍ਹਾਂ ਉਤੇ ਆਦੀ ਮੁਜਰਮਾਂ ਵਾਲੀਆਂ ਪਾਬੰਦੀਆਂ ਲਾ, ਭੈਣੀ ਸਾਹਿਬ ਵਿਚ ਫ਼ੌਜ ਭੇਜ, ਤਲਾਸ਼ੀਆਂ ਲੈ ਤੇ ਏਥੋਂ ਦੇ ਸ਼ਰਧਾਲੂਆਂ ਨੂੰ ਪਸ਼ੂਆਂ ਵਾਂਗ ਹੱਕ, ਘਰੋ ਘਰੀ ਪੁਚਾ ਕੇ ਬਹੁਤ ਸਾਰੀ ਕਾਗ਼ਜ਼ੀ ਕਾਰਵਾਈ ਹੋਰ ਕੀਤੀ ।



Sri Satguru Jagjit Singh Ji eLibrary NamdhariElibrary@gmail.com

ਆਪਣੇ ਪਿੱਠੂਆਂ ਤੇ ਹਵਾਰੀਆਂ ਤੋਂ, ਦੇਸੀ ਰਾਜੇ ਰਜਵਾੜਿਆਂ, ਨਵਾਬਾਂ, ਜਾਗੀਰ-ਦਾਰਾਂ ਤੋਂ ਗੁਰੂ ਰਾਮ ਸਿੰਘ ਅਤੇ ਸੂਬਿਆਂ ਦੇ ਵਿਰੁਧ ਮੈਮੋਰੰਡਮ ਲਿਖਵਾਏ, ਅਖ਼ਬਾਰਾਂ ਵਿਚ ਸਮਗਰੀ ਛਪਵਾਈ ਤਾਕਿ ਦੇਸ਼ ਦੇ ਲੋਕਾਂ ਨੂੰ ਦੱਸ ਸਕਣ ਕਿ ਗੁਰੂ ਰਾਮ ਸਿੰਘ ਤੇ ਉਸ ਦੇ ਸੂਬੇ ਆਪਣੇ ਪੈਰੋਕਾਰਾਂ ਨੂੰ ਬਹਿਕਾ ਕੇ ਦੇਸ਼ ਵਿਚ ਗੜਬੜ ਮਚਾਣ ਵਾਲੇ ਸਨ; ਅੰਗਰੇਜ਼ੀ ਸਰਕਾਰ ਨੇ ਬਿਨਾਂ ਮੁਕੱਦਮੇ, ਦਲੀਲਾਂ, ਅਪੀਲਾਂ ਦੇ ਕੂਕਿਆਂ ਨੂੰ ਤੋਪਾਂ ਅਗੇ ਉਡਾ ਕੇ ਪੰਜਾਬ ਦੀ ਜਨਤਾ ਤੇ ਬੜਾ ਉਪਕਾਰ ਕੀਤਾ ਹੈ — ਇਕ ਤਕੜੀ ਜ਼ਹਿਮਤੋਂ ਬਚਾਇਆ ਹੈ।

ਗ੍ਰਿਫ਼ਤਾਰ ਕਰਕੇ ਅਲਾਹਾਬਾਦ ਭੇਜੇ ਗਏ ਸੂਬਿਆਂ ਬਾਰੇ ਸਾਰੇ ਪੰਜਾਬ ਦੇ ਜ਼ਿਲਿਆਂ ਵਿਚੋਂ ਪੁਲਿਸ ਦੀਆਂ ਰਿਪੋਰਟਾਂ ਮੰਗਵਾਈਆਂ ਗਈਆਂ। ਉਨ੍ਹਾਂ ਸਾਰੀਆਂ ਨੂੰ ਨ ਛੋਹਦਿਆਂ ਏਥੇ ਗੁਜਰਾਂ ਵਾਲੇ ਦੇ ਡੀ. ਐਸ. ਪੀ. ਵਲੋਂ ਪੰਜਾਬ ਦੇ ਆਈ. ਜੀ. ਪੁਲਿਸ ਨੂੰ ਜੋ ਲੰਮੀ ਚਿੱਠੀ ਲਿਖੀ ਗਈ, ਉਸ 'ਚੋਂ ਕੇਵਲ ਚੋਥਾ ਪੈਰਾ ਅਨੁਵਾਦ ਕਰਦੇ ਹਾਂ :

## ਨਾਮਧਾਰੀ ਅਸੂਲ

੨੯.੩.੧੮੭੨ : ੧੫ ਜੁਲਾਈ ੧੮੭੧ ਨੂੰ ਮੈਂ ਆਪਣੀ ਖ਼ੁਫ਼ੀਆਂ ਰਿਪੋਰਟ ਵਿਚ ਕਿਹਾ ਸੀ ਕਿ (ਸੂਬਾ) ਬ੍ਰਹਮਾ ਸਿੰਘ ਝਬਦੇ ਹੀ ਵਰਨੀਂ ਜ਼ਿਲਾ ਸ਼ੇਖੂ ਪੁਰ ਵਿਚ ਆਇਆ ਸੀ ਤੇ ਉਸ ਨੇ ਕੂਕਾ ਅਸੂਲਾਂ ਦਾ ਪਰਚਾਰ ਅਰੰਭ ਕੀਤਾ ਸੀ। ਉਹ ਕਈ ਦਿਨ ਉਥੇ ਰਿਹਾ। ਆਲੇ ਦੁਆਲੇ ਦੇ ਕੂਕੇ 'ਕਠੇ ਕੀਤੇ। ਕੁਝ ਨਵੇਂ ਕੂਕੇ ਸਜਾਏ। ਅਤੇ (ਗੁਰੂ) ਰਾਮ ਸਿੰਘ ਦੇ ਹੇਠ ਲਿਖੇ ਹੁਕਮ ਸੁਣਾਏ। ਪਹਿਲਾ : ਜਿਨ੍ਹਾਂ ਔਰਤਾਂ ਨੇ ਅੰਮ੍ਰਿਤ ਛਕਿਆ ਹੋਵੇ ਉਹ ਆਪਣੇ ਵਾਲਾਂ ਦਾ ਸਿਰ ਤੇ ਚੂੰਡਾ ਨ ਕਰਨ ; ਦੂਸਰੇ : ਉਹ ਕਛਹਿਰਾ ਪਾਉਣ ; ਤੀਸਰੇ : ਸਾਰੇ ਸਿੱਖ ਚਾਹੇ ਉਹ ਔਰਤਾਂ ਹੋਣ ਜਾਂ ਮਰਦ ਆਪਣੇ ਲਹਿਣੇ-ਦੇਣੇ ਸਾਫ਼ ਕਰਨ ਅਤੇ ਅੱਗੋਂ ਵਾਸਤੇ ਨ ਕਰਜ਼ ਲੈਣ ਤੇ ਨ ਦੇਣ ; ਚੌਥੇ : ਉਹ ਅਗਲੇ ਹੁਕਮ ਤਕ ਘਰ ਆਦਿ ਨ ਉਸਾਰਨ, ਹਾਂ ਆਪਣੇ ਹੱਥਾਂ ਹੇਠ ਨਕਦੀ ਰਖਣ ; ਪੰਜਵੇਂ : ਗੁਰੂ ਸਾਹਿਬ ਨੇ ਨੋਟਿਸ ਦੇ ਦਿਤਾ ਹੈ ਕਿ ਮਹੰਤ ਸਾਹਿਬ ਸਿੰਘ ਅਤੇ ਕਾਨ੍ਹ ਸਿੰਘ (ਉਨ੍ਹਾਂ ਦੇ ਵਜ਼ੀਰ) ਜੋ ਕਿ ਉਨ੍ਹਾਂ ਨੇ ਨੈਪਾਲ ਨੂੰ ਪ੍ਰਤੀਨਿਧ ਭੇਜੇ ਹਨ ਉਨ੍ਹਾਂ ਨੇ ਨੈਪਾਲ ਵਿਚ ਰਾਜੇ ਵਲੋਂ ਬੜੀ ਇੱਜ਼ਤ ਤੇ ਸਹਾਇਤਾ ਪ੍ਰਾਪਤ ਕੀਤੀ ਹੈ।

ਅੱਗੇ ਚਲ ਕੇ ਏਸੇ ਚਿੱਠੀ ਵਿਚ ਡੀ. ਐਸ. ਪੀ. ਲਿਖਦਾ ਹੈ : ੨੨ ਜੁਲਾਈ ਦੀ ਮੇਰੀ ਖ਼ੁਫ਼ੀਆ ਰਿਪੋਰਟ ਵਿਚ ਮੈਂ ਨੋਟ ਕੀਤਾ ਸੀ ਕਿ ਬ੍ਰਹਮਾ ਸਿੰਘ ਵਲ ਧਿਆਨ ਭਰਪੂਰ ਨਜ਼ਰ ਰਖੀ ਜਾ ਰਹੀ ਹੈ। ਮੇਰਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਕੂਕੇ ਦੁਸ਼ਟਤਾ ਤੇ ਉਤਰਨਗੇ ਅਤੇ ਮੇਰਾ ਇਹ ਵੀ ਯਕੀਨ ਹੈ ਕਿ ਉਨ੍ਹਾਂ ਵਿਚ ਆਮ ਕਰਕੇ ਤੇ ਫ਼ੈਸਲਾਕੁਨ ਪ੍ਰਭਾਵ ਹੈ ਕਿ ਪੰਜਾਬ ਵਿਚ ਮੁੜ ਸਿੱਖ ਸਰਦਾਰੀ ਸਥਾਪਨਾ ਦਾ ਦਿਨ ਨੇੜੇ ਹੀ ਹੈ।



Sri Satguru Jagjit Singh Ji eLibrary NamdhariElibrary@gmail.com

## ਬਿਆਨ

੨੩, ੨੪, ੨੫ ਅਪਰੈਲ ਨੂੰ ਸੈਸ਼ਨ ਜੱਜ ਮਿ: ਮੈਕਨਾਬ ਨੇ ਅਲਾਹਾਬਾਦ ਪਹੁੰਚ ਕੇ ਸਾਰੇ ਸੂਬਿਆਂ ਦੇ ਬਿਆਨ ਲਏ । ਸੂਬਾ ਸਾਹਿਬ ਸਿੰਘ ਜੀ ਦੇ ਬਿਆਨ ਦਾ ਕੁਝ ਭਾਗ : "ਮੈਨੂੰ ੫-੬ ਸਾਲ ਪਹਿਲਾਂ ਸੂਬਾ ਥਾਪਿਆ ਗਿਆ ਸੀ । ਪਹਿਲਾਂ ਕਾਨ੍ਹ ਸਿੰਘ, ਸੁੱਧ ਸਿੰਘ ਅਤੇ ਜਵਾਹਰ ਸਿੰਘ ਸੂਬੇ ਬਣਾਏ ਗਏ ਸਨ ।

ਸਵਾ ਸਾਲ ਪਹਿਲੋਂ ਮੈਂ, ਕਾਨ੍ਹ ਸਿੰਘ, ਅਤਰ ਸਿੰਘ, ਜੀਵਨ ਸਿੰਘ ਅਤੇ ਦੋ ਹੋਰਨਾਂ ਨਾਲ ਦੋ ਖੱਚਰਾਂ ਅਤੇ ਦੋ ਮੱਝਾਂ ਲੈ ਕੇ ਨੈਪਾਲ ਗਿਆ । ਪਹਿਲੀਆਂ ਟਿੱਕਾ ਅਤੇ ਪਿਛਲੀਆਂ ਰਾਜਾ ਨੈਪਾਲ ਵਾਸਤੇ । ਉਥੇ ਕੋਈ ੧੫-੨੦ (ਕੂਕਾ) ਸਿੱਖ ਰਾਜਾ ਨੈਪਾਲ ਦੀ ਖ਼ਿਦਮਤ ਵਿਚ ਸਨ । ਇਕ ਐਡਜੂਟੈਂਟ ਹੈ ਤੇ ਦੂਜਾ ਇਕ ਜਮਾਂਦਾਰ ...। ਮੇਰੀ ਬਤੌਰ ਸੂਬਾ ਘੋੜਿਆਂ ਦੇ ਅਸਤਬਲ, ਨਸਲਕਸ਼ੀ ਦੀ ਸੰਸਥਾ ਵਲ ਧਿਆਨ ਅਤੇ ਸਟਾਕ ਵੇਚਣ ਦੀ ਡਿਊਟੀ ਸੀ। ਕੁਝ ਸਾਲ ਪਹਿਲਾਂ ਹਰਿਦੁਆਰ ਵਿਚ ਮੈਂ ਕਈ ਘੋੜੇ ਵੇਚੇ । ਮੁਨਾਫ਼ਾ ਲੰਗਰ ਵਿਚ ਪਾ ਦਿਤਾ ਜਾਂਦਾ ਸੀ । ਮੈਂ ਗੁਰੂ ਰਾਮ ਸਿੰਘ ਜੀ ਨਾਲ ਜਾਇਆ ਕਰਦਾ ਸਾਂ ਤੇ ਕੂਕੇ ਬਣਾਇਆ ਕਰਦਾ ਸਾਂ ।"

ਇਸ ਬਿਆਨ ਹੇਠ ਮੈਕਨਾਬ ਨੇ ਨੋਟ ਲਿਖਿਆ : ਬੁੱਧੀਮਾਨ, ਚਤੁਰ ਅਤੇ ਦ੍ਰਿੜ੍ਹ ਇਰਾਦੇ ਵਾਲਾ । ਸੂਬਿਆਂ 'ਚੋਂ ਬਹੁਤਾ ਯੋਗ ।

"ਮੈਂ ਸਿਫ਼ਾਰਸ਼ ਕਰਾਂਗਾ ਕਿ (੧) ਸਾਹਿਬ ਸਿੰਘ (੨) ਲੱਖਾ ਸਿੰਘ ਅਤੇ ਕਾਨ੍ਹ ਸਿੰਘ ਨੂੰ ਜ਼ਿੰਦਗੀ ਭਰ ਲਈ ਦੇਸ ਨਿਕਾਲੇ ਵਿਚ ਕੈਦ ਰਖਿਆ ਜਾਵੇ ।"

ਪੰਜਾਬ ਸਰਕਾਰ ਵਲੋਂ ਮਿ: ਮੈਕਨਾਬ ਦੀ ਰਿਪੋਰਟ ਤੇ ਟਿੱਪਣੀ ਲਿਖੀ ਗਈ : ਸ਼ੁਰੂ ਕਰਨ ਵਾਸਤੇ, ਭਾਵੇਂ ਪਹਿਲਾ ਆਦਮੀ ਸਾਹਿਬ ਸਿੰਘ ਹੈ । ਸਾਹਿਬ ਸਿੰਘ (ਗੁਰੂ) ਰਾਮ ਸਿੰਘ ਦੇ, ਪਿਛਲੇ ਦਿਨੀਂ, ਨੈਪਾਲ ਨੂੰ ਜਾਣ ਵਾਲੇ ਮਿਸ਼ਨ ਦਾ ਰਾਜਦੂਤ ਸੀ । ਉਹ ਸਾਰੇ ਹੀ ਪੁਲਿਸ ਅਫ਼ਸਰਾਂ ਦੀਆਂ ਕਿਤਾਬਾਂ ਉਤੇ ਦਰਜ ਹੈ, ਜਿਵੇਂ "(ਗੁਰੂ) ਰਾਮ ਸਿੰਘ ਦਾ ਉਮੀਦ ਕੀਤਾ ਜਾਂਦਾ ਜਾ-ਨਸ਼ੀਨ," ਉਸ ਦਾ "ਖ਼ੁਫ਼ੀਆ ਸੂਬਾ", "(ਗੁਰੂ) ਰਾਮ ਸਿੰਘ ਦਾ ਲੈਫ਼ਟੀਨੈਂਟ", "ਸਦਾ (ਗੁਰੂ) ਰਾਮ ਸਿੰਘ ਦੇ ਸੰਗ", "ਸਾਰੇ ਸੂਬਿਆਂ ਵਿਚੋਂ ਬਹੁਤਾ ਜਾਣਿਆਂ ਜਾਣ ਵਾਲਾ ਸੂਬਾ", ਅਤੇ ਮਿ: ਮੈਕਨਾਬ ਉਸ ਨੂੰ "ਪੜ੍ਹਿਆ-ਲਿਖਿਆ, ਮਹੱਤਵਾਕਾਂਖੀ, ਚਾਲਬਾਜ਼, (ਗੁਰੂ) ਰਾਮ ਸਿੰਘ ਨੂੰ ਸਦਾ ਤਾਜ਼ਾ ਚਾਲਾਂ ਵਾਸਤੇ ਤਿੱਖਿਆਂ ਕਰਨ ਵਾਲਾ" ਬਿਆਨਦਾ ਹੈ।

"ਇਹ ਇਕ ਸਿੱਧੀ ਗਵਾਹੀ ਹੈ, ਉਸ ਦੇ ਘੱਟੋ ਘੱਟ, ਬਹੁਤ ਹੀ ਸਰਗਰਮ ਕੂਕਾ ਪ੍ਰਾਪੇਗੈਂਡਿਸਟ ਹੋਣ ਬਾਰੇ । ਕੁਝ ਹੋਰ ਵੀ ਸਬੂਤ ਹਨ ਅਤੇ ਸਬੂਤ ਵੀ ਉਹ ਜਿਨ੍ਹਾਂ ਨੂੰ ਮੇਰੇ ਖ਼ਿਆਲ ਮੁਤਾਬਕ ਇਕ ਪਾਸੇ ਨਹੀਂ ਸੁੱਟਿਆ ਜਾ ਸਕਦਾ, ਕਿ ਭੈਣੀ ਸਾਹਿਬ ਲੋਹੜੀ ਦੇ ਮੇਲੇ ਸਮੇਂ ਸੂਬਿਆਂ ਵਿਚ ਉਹ ਵੀ ਓਥੇ ਮੌਜੂਦ ਸੀ ਅਤੇ ਉਸ ਨੇ ਹੀਰਾ ਸਿੰਘ-ਲਹਿਣਾ ਸਿੰਘ ਦੀ ਪਾਰਟੀ ਨੂੰ ਮਲੇਰ ਕੋਟਲੇ ਵਾਸਤੇ ਮਾਰਚ ਕਰਨ ਲਈ ਪ੍ਰੇਰਿਤ ਤੇ ਉਤਸਾਹਤ ਕੀਤਾ ।



Sri Satguru Jagjit Singh Ji eLibrary NamdhariElibrary@gmail.com

"ਮਿ: ਮੈਕਨਾਬ ਸੋਚਦਾ ਹੈ ਕਿ ਜੇ ਸਿਰਫ਼ ਉਸ 'ਕੱਲੇ ਨੂੰ ਪੰਜਾਬ ਘਲਣ ਦੀ ਆਗਿਆ ਮਿਲ ਜਾਵੇ "ਕੂਕਾਇਜ਼ਮ" ਇਕਦਮ ਸੁਰਜੀਤ ਹੋ ਉਠੇਗਾ ਅਤੇ ਦੁਖਦਾਈ ਬਣ ਜਾਵੇਗਾ ਅਤੇ ਉਹ (ਮਿ: ਮੈਕਨਾਬ) ਪੱਕੀ ਰੋਕ ਦੀ ਮੰਗ ਕਰਦਾ ਹੈ।

"ਇਹ ਤਜਵੀਜ਼ ਸੰਭਵ ਦਰੁਸਤ ਹੈ। ਇਹ ਆਦਮੀ ਖ਼ਤਰਨਾਕ ਧੋਖੇਬਾਜ਼ ਹੈ ਅਤੇ ਅਨਜਾਣਤਾ, ਅਗਿਆਨਤਾ ਅਤੇ ਧਰਮ-ਅੰਧਤਾ ਪੰਜਾਬ ਦੇ ਲੋਕਾਂ ਵਿਚ ਸਦਾ ਲੱਭ ਪੈਂਦੀ ਹੈ, ਕਿਸੇ ਵੀ ਮੌਕੇ ਪੈਦਾ ਹੋ ਸਕਦੀ ਹੈ। ਉਸ ਦੇ ਹੱਥ ਵਿਚ ਭਮਾਕਾ ਮਾਰ ਕੇ ਮੱਚ ਉੱਠਣ ਵਾਲਾ ਮਸਾਲਾ ਹੈ । ਉਹ ਇਸ ਫ਼ਿਰਕੇ ਦੇ ਰਾਜਨੀਤਕ ਤੇ ਸਰਗਰਮ ਭਾਗ ਦਾ ਸੰਭਵ ਮੁਖੀ ਲੀਡਰ ਹੈ।

੧੩ ਜੂਨ ੧੮੭੨ : ਸ਼ਿਮਲਾ ਤੋਂ ਹਿੰਦ ਸਰਕਾਰ ਦੇ ਅੰਡਰ ਸੈਕਟਰੀ ਐਚ. ਡਬਲਿਊ. ਵੇਲਜ਼ਲੀ ਨੇ ਪੰਜਾਬ ਸਰਕਾਰ ਦੇ ਕਾਇਮ ਮੁਕਾਮ ਸਕੱਤਰ ਨੂੰ ਲਿਖਿਆ ਕਿ ਅਲਾਹਾਬਾਦ ਵਿਚ ਕੂਕੇ ਕੈਦੀਆਂ ਲਈ ਮੁਨਾਸਬ ਜਗਹ ਨਹੀਂ। ਉਨ੍ਹਾਂ ਲਈ ਛੇਤੀ ਆਰਡਰ ਦਿਤੇ ਜਾਣ। ਪੰਜਾਬ ਸਰਕਾਰ ਦੀ ਪੁੱਛ ਤੇ ਮਿ: ਜੇ. ਡਬਲਿਊ. ਮੈਕਨਾਬ ਨੇ ਸਾਰੇ ਕੈਦੀਆਂ ਬਾਰੇ ਵਿਚਾਰ ਕਰ ਕੇ ਹੇਠ ਲਿਖੇ ਅਨੁਸਾਰ ਫ਼ੈਸਲਾ ਭੇਜਿਆ।

"ਮੈਂ ਸਿਫ਼ਾਰਸ਼ ਕਰਾਂਗਾ ਕਿ (੧) ਸਾਹਿਬ ਸਿੰਘ (੨-੩) ਲੱਖਾ ਸਿੰਘ ਅਤੇ ਕਾਨ੍ਹ ਸਿੰਘ ਨੂੰ ਜ਼ਿੰਦਗੀ ਭਰ ਲਈ ਦੇਸ ਨਿਕਾਲੇ ਵਿਚ ਕੈਦ ਰਖਿਆ ਜਾਵੇ। ਬਾਕੀ ਦੇ ਕੇਸਾਂ ਬਾਰੇ ਪੰਜਾਬ ਵਿਚ ਕੂਕਾਇਜ਼ਮ ਦੀ ਹਾਲਤ ਅਨੁਸਾਰ ਨਜਿਠਿਆ ਜਾਇ।"

੧੭ ਜੁਲਾਈ ੭੨ : ਪੰਜਾਬ ਦੇ ਡਿਪਟੀ ਇਨਸਪੈਕਟਰ ਪੁਲਿਸ ਈ. ਸੀ. ਬੇਲੀ ਨੇ ਲੰਮੀ ਰਿਪੋਰਟ, ਟਿੱਪਣੀਆਂ ਅਤੇ ਨੋਟਾਂ ਵਿਚ ਸਾਰੇ ਕੂਕਾ ਸ਼ਾਹੀ ਕੈਦੀਆਂ ਦੇ ਚਰਿੱਤਰ ਉਤੇ ਰੌਸ਼ਨੀ ਪਾਈ ਹੈ। ਇਸ ਵਿਚ ਸੂਬਾ ਸਾਹਿਬ ਸਿੰਘ ਜੀ ਬਾਰੇ ਪਹਿਲੇ ਨੰਬਰ ਤੇ ਲਿਖ ਕੇ ਨਾਲ ਹੀ ਨੋਟ ਦਿਤਾ ਹੈ ਕਿ ਇਸ ਨੂੰ ਉਮਰ ਭਰ ਲਈ ਦੇਸ ਨਿਕਾਲਾ ਦਿਤਾ ਗਿਆ।

ਲੰਮੀ ਰਿਪੋਰਟ ਦੇ ਅੰਤਮ ਪੈਰਿਆਂ ਵਿਚ ਲਿਖਿਆ ਗਿਆ ਹੈ ਕਿ ਅੰਡੇਮਾਨ (ਕਾਲੇ ਪਾਣੀ) ਇਨ੍ਹਾਂ ਵਾਸਤੇ ਪੂਰੇ ਨਿਖੇੜੇ ਲਈ ਸੰਭਵ ਮੁਨਾਸਬ ਥਾਂ ਨਹੀਂ। ਇਨ੍ਹਾਂ ਵਿਚੋਂ ਤਿੰਨਾਂ ਨੂੰ ਮੌਲਮੀਨ (ਬ੍ਰਿਟਿਸ਼ ਬਰਮਾ) ਅਤੇ ਤਿੰਨਾਂ ਨੂੰ ਅਕਯਾਬ ਭੇਜਿਆ ਜਾਵੇ। ਬਾਕੀ ਪੰਜਾਂ ਨੂੰ ਅਸੀਰਗੜ੍ਹ ਜਾਂ ਚੁਨਾਰ ਠੀਕ ਰਹੇਗਾ। ਜਾਂ ਦੋਹਾਂ ਥਾਵਾਂ ਤੇ ਵੰਡ ਦਿਤੇ ਜਾਣ।

੧੯ ਜੁਲਾਈ ੧੮੭੨ : ਮਿ: ਹੌਬ ਹਾਊਸ ਨੂੰ ਲਿਖਿਆ ਕਿ ਕੈਦੀਆਂ ਦੇ ਖ਼ਿਲਾਫ਼ ਗਵਾਹੀਆਂ ਦੇ ਆਧਾਰ ਤੇ ਵੇਖੇ ਕਿ ਇਨ੍ਹਾਂ ਤੇ ਕਿਹੜਾ ਕੇਸ ਬਣਦਾ ਹੈ। ਹੌਬ ਹਾਊਸ ਨੇ ਸਭ ਕੁਝ ਵਿਚਾਰ ਕੇ ਦਸਿਆ ਕਿ ਪੈਨਲ ਕੋਡ ਦੀਆਂ ਕਈਆਂ ਧਾਰਾਵਾਂ ਹੇਠ ਕੂਕੇ ਰਗੜੇ ਜਾ ਸਕਦੇ ਹਨ। ਹੇਠ ਲਿਖੀਆਂ ਧਾਰਾਵਾਂ ਸੰਭਵ ਸਮਝੀਆਂ ਗਈਆਂ :



Sri Satguru Jagjit Singh Ji eLibrary NamdhariElibrary@gmail.com

(ੳ) ਜੰਗ ਜੋੜਨੀ, ਜੰਗ ਛੇੜਨ ਦੀ ਕੋਸ਼ਸ਼ ਕਰਨੀ, ਜਾਂ ਮਲਕਾ ਦੇ ਖ਼ਿਲਾਫ਼ ਅਜਿਹੀ ਲੜਾਈ ਉਕਸਾਣੀ। ਇਸ ਗੁਨਾਹ ਬਦਲੇ ਸਜ਼ਾਇ ਮੌਤ ਹੋ ਸਕਦੀ ਹੈ। ਐਕਟ XLV, ੧੮੬੦ ਸੈਕਸ਼ਨ ੧੨੧।

(ਅ) ਕਿਸੇ ਵੀ ਫੇਰ ਹੋਣ ਵਾਲੇ ਹਮਲੇ ਲਈ ਸਾਜ਼ਸ਼ਾਂ ਕਰਨੀਆਂ, ਜਾਂ ਮਲਿਕਾ ਦੀ ਪ੍ਰਭੁਤਾ ਨੂੰ ਖੋਹਣਾ ਜਾਂ ਸਰਕਾਰ ਨੂੰ ਤਾਕਤ ਨਾਲ ਡਰਾਉਣਾ ਜਾਂ ਹਰਾਸਣਾ। ਇਸ ਦੀ ਸਜ਼ਾ ਜ਼ਿੰਦਗੀ ਭਰ ਲਈ ਦੇਸ ਨਿਕਾਲਾ ਹੋ ਸਕਦਾ ਹੈ। ਐਕਟ XXVII; ੧੮੬੯ ਸੈਕਸ਼ਨ ੧੨੧ A।

(ੲ) ਲੜਾਈ ਛੇੜਨ ਦੀ ਤਿਆਰੀ ਕਰਨੀ। ਇਸ ਦਾ ਡੰਨ ਜੀਵਨ ਪਰਯੰਤ ਦੇਸ ਨਿਕਾਲਾ ਹੋ ਸਕਦਾ ਹੈ। ਐਕਟ XLV, ੧੮੬੧ ਸੈਕਸ਼ਨ ੧੨੨।

(ਸ) ਲੜਾਈ ਸ਼ੁਰੂ ਕਰਨੀ, ਲੜਾਈ ਛੇੜਨ ਲਈ ਜਤਨ ਜਾਂ ਸਾਥੀ ਏਸ਼ੀਆਟਿਕ ਪਾਵਰ ਦੇ ਵਿਰੁਧ ਜੰਗ ਉਕਸਾਉਣਾ। ਇਸ ਦੇ ਵਾਸਤੇ ਉਮਰ ਭਰ ਲਈ ਦੇਸ ਨਿਕਾਲੇ ਦੀ ਸਜ਼ਾ ਹੋ ਸਕਦੀ ਹੈ। ਐਕਟ XLV, ੧੮੬੧, ਸੈਕਸ਼ਨ ੧੨੫।

(ਹ) ਕਿਸੇ ਦੇ ਇਲਾਕੇ ਨੂੰ ਲੁੱਟਣ ਦਾ ਅਪਰਾਧ ਕਰਨਾ ਜਾਂ ਅਜਿਹੀ ਤਿਆਰੀ ਕਰਨਾ। ਇਸ ਅਪਰਾਧ ਬਦਲੇ ਸੱਤ ਸਾਲ ਦੀ ਕੈਦ ਅਤੇ ਜੁਰਮਾਨਾ ਹੋ ਸਕਦਾ ਹੈ। ਐਕਟ XLV, ੧੮੬੦ ਸੈਕਸ਼ਨ ੧੨੬।

(ਕ) ਸਰਕਾਰ ਦਾ ਨੁਕਸਾਨ ਕਰਨ ਲਈ ਬੋਲ ਕੇ ਉਕਸਾਣਾ। ਇਸ ਬਦਲੇ ਜੀਵਨ ਪਰਯੰਤ ਜਲਾਵਤਨੀ ਦੀ ਸਜ਼ਾ ਦਿਤੀ ਜਾ ਸਕਦੀ ਹੈ। ਐਕਟ XXVII, ੧੮੬੦ ਸੈਕਸ਼ਨ ੧੨੪ A।

(ਖ) ਐਸਾ ਕੋਈ ਵੀ ਜੁਰਮ ਕਰਨ ਲਈ ਉਕਸਾਣਾ। ਐਕਟ XLV, ੧੮੬੦ ਸੈਕਸ਼ਨ ੧੦੭,੧੦੮।

ਕੂਕਾ ਸ਼ਾਹੀ ਕੈਦੀਆਂ ਵਿਰੁਧ ਪੁਲਿਸ ਵਲੋਂ ਗਵਾਹੀਆਂ ਦੀ ਪੂਰੀ ਤਿਆਰੀ ਕੀਤੀ ਗਈ। ਪੱਕੇ ਤੇ ਮੁਸਤਕਿਲ ਗਵਾਹਾਂ ਜਾਂ ਨਿੱਜੀ ਵਿਰੋਧਤਾ ਵਾਲੇ ਤਕੜੇ ਗਵਾਹਾਂ ਪਾਸੋਂ ਕੂਕੇ ਕੈਦੀਆਂ ਖ਼ਿਲਾਫ਼ ਮਨਚਿੰਦੀਆਂ ਗਵਾਹੀਆਂ ਦਿਵਾਈਆਂ ਗਈਆਂ।

ਸੂਬਾ ਸਾਹਿਬ ਸਿੰਘ ਦੇ ਖ਼ਿਲਾਫ਼ ਭਰਵੀਆਂ ਗਵਾਹੀਆਂ ਦੇਣ ਵਾਲੇ ਸਨ : ਨਿਹਾਲ ਸਿੰਘ, ਦੇਵਾ ਸਿੰਘ, ਪ੍ਰਤਾਪ ਸਿੰਘ ਅਤੇ ਦੌਲਤ ਰਾਮ।

੨੫ ਜੁਲਾਈ ੧੮੭੨ : ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਉਤੇ ਮੁਕੱਦਮੇ ਦੀ ਨੌਈਅਤ ਸਮਝਣ ਤੇ ਖੁਲ੍ਹੀ ਅਦਾਲਤ ਵਿਚ ਕੇਸ ਚਲਾਣ ਬਾਰੇ ਸੰਬੰਧਤ ਅਫ਼ਸਰਾਂ ਨੂੰ ਰਾਇ ਜਾਣਨ ਲਈ ਇਕ ਸਰਕੂਲਰ ਵੰਡਿਆ ਗਿਆ। ਕੁਝ ਇਕ ਨੇ ਖੁਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਣ ਦੀ ਰਾਇ ਦਿਤੀ, ਪਰ ਗਵਰਨਰ ਜ਼ਨਰਲ ਨੇ ਪੰਜਾਬ ਸਰਕਾਰ ਦੀ ਰਾਇ ਤਲਬ ਕਰਨ ਲਈ ਆਦੇਸ਼ ਦਿਤਾ।



Sri Satguru Jagjit Singh Ji eLibrary NamdhariElibrary@gmail.com

ਆਪਣੀ ਸੰਮਤੀ ਉਸ ਦਿਤੀ : ਮੈਂ ਟਰਾਇਲ ਦੇ ਵਿਰੁਧ ਹਾਂ। ਇਸ ਤਰ੍ਹਾਂ ਸ਼ੁਹਰਤਬਾਜ਼ ਵਕੀਲਾਂ ਦੀ ਪ੍ਰਸਿੱਧੀ ਬਣ ਜਾਂਦੀ ਹੈ। ਇਕ ਹੋਰ ਵਡੇ ਅਧਿਕਾਰੀ ਨੇ ਲਿਖਿਆ ਕਿ ਮੁਕੱਦਮਾ ਬਿਲਕੁਲ ਨਾ ਚਲਾਇਆ ਜਾਇ। ਉਹ ਤਾਂ ਅਜਿਹੀ ਬੁਰਾਈ ਨੂੰ ਫਾਹੇ ਲਾਉਣ ਦਾ ਸਾਹਮਣਾ ਕਰਨ ਨੂੰ ਵੀ ਤਿਆਰ ਸੀ।

੭ ਅਗਸਤ ੧੮੭੨ : ਹਿੰਦ ਸਰਕਾਰ ਦੇ ਕਾਇਮ ਮੁਕਾਮ ਸਕੱਤਰ ਐਚ. ਐਲ. ਡੈਂਪੀਅਰ ਨੇ ਪੰਜਾਬ ਸਰਕਾਰ ਨੂੰ ਲਿਖਿਆ ਕਿ ਲੈਫ਼ਟੀਨੈਂਟ ਗਵਰਨਰ ਜੇਨਰਲ ਦੀ ਰਾਇ ਹੈ ਕੂਕੇ ਸਰਦਾਰਾਂ ਤੇ ਖੁਲ੍ਹੇ-ਆਮ ਮੁਕੱਦਮਾ ਚਲਾਣ ਦੀ ਥਾਂ ਉਨ੍ਹਾਂ ਨੂੰ ਸਿਆਸੀ ਕੈਦੀਆਂ ਵਾਂਗ ਕੈਦ ਰਖਿਆ ਜਾਵੇ।

ਇਸ ਤੋਂ ਉਪਰੰਤ ਜੋ ਵਖ ਵਖ ਪ੍ਰਾਂਤਾਂ ਤੇ ਹਿੰਦ ਸਰਕਾਰ ਦੀ ਖ਼ਤ-ਪੱਤਰੀ ਹੋਈ, ਉਸ ਦੇ ਉੱਤਰ ਵਿਚ ਅਸੀਰਗੜ੍ਹ ਦੇ ਕਿਲ੍ਹੇ ਦੇ ਅਸਿਸਟੈਂਟ ਇੰਜੀਨੀਅਰ ਐਡਜੂਟੈਂਟ ਨੇ ੧੭ ਅਗਸਤ ਨੂੰ ਸੂਚਨਾ ਦਿਤੀ : ਸ਼ਾਹੀ ਕੈਦੀਆਂ ਦੇ ਕਵਾਟਰਾਂ ਅਤੇ ਗਾਰਡ ਰੂਮ ਵਿਚਾਲੇ ੧੮ ਫ਼ੁਟ ਲੰਮਾ ਹੋਰ ਕਿਚਨ ਰੂਮ ਬਣਾ ਕੇ ਪਹਿਲੇ ਲੰਗਰ ਖ਼ਾਨੇ ਨੂੰ ਸ਼ਾਹੀ ਕੈਦੀਆਂ ਲਈ ਵਿਹਲਾ ਕਰ ਲਿਆ ਗਿਆ ਹੈ।

੧੮ ਅਗਸਤ ਨੂੰ ਸੂਚਨਾ ਦਿਤੀ ਗਈ ਕਿ ਅਦਨ ਜੇਹਲ ਵਿਚ ਇਕ ਵਖਰੀ ਇਮਾਰਤ ਨੂੰ ਕੂਕਾ ਕੈਦੀਆਂ ਲਈ ਮੁਰੰਮਤ ਕੀਤਾ ਗਿਆ ਹੈ। ਇਹ ਇਮਾਰਤ ੧੮੩੮ ਵਿਚ ਬਲੋਚ ਸ਼ਾਹੀ ਕੈਦੀਆਂ ਲਈ ਉਸਾਰੀ ਗਈ ਸੀ।

੩੧ ਅਕਤੂਬਰ ੧੮੭੨ : ਹਿੰਦ ਸਰਕਾਰ ਦੇ ਸਕੱਤਰ ਮਿ: ਡੈਂਪੀਅਰ ਨੇ ਉੱਤਰ ਪੱਛਮੀ ਪ੍ਰਾਂਤਾਂ ਦੀ ਸਰਕਾਰ ਦੇ ਸਕੱਤਰ ਵਲ ਕੂਕੇ ਸ਼ਾਹੀ ਕੈਦੀਆਂ ਨੂੰ ਅਲਾਹਾਬਾਦ ਕਿਲ੍ਹੇ ਵਿਚੋਂ ਕੱਢ ਕੇ ਹੇਠ ਲਿਖੇ ਥਾਵਾਂ ਤੇ ਨਜ਼ਰਬੰਦ ਕਰਨ ਲਈ ਲਿਖਿਆ :

(੧) ਬੰਬਈ ਸਰਕਾਰ ਨਾਲ ਪੱਤਰ-ਵਿਵਹਾਰ ਕਰ ਕੇ ਰੂੜ ਸਿੰਘ, ਮਲੂਕ ਸਿੰਘ, ਅਤੇ ਪਹਾੜਾ ਸਿੰਘ ਨੂੰ ਅਸੀਰਗੜ੍ਹ ਦੇ ਕਿਲ੍ਹੇ ਵਿਚ ਭੇਜ ਦਿਤਾ ਜਾਵੇ।

(੨) ਚੀਫ਼ ਕਮਿਸ਼ਨਰ ਬ੍ਰਿਟਿਸ਼ ਬਰਮਾ ਨਾਲ ਖ਼ਤ-ਪੱਤਰ ਕਰ ਕੇ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਨੂੰ ਮੌਲਮੀਨ ਤੋਰ ਦਿਤਾ ਜਾਵੇ।

(੩) ਮਾਨ ਸਿੰਘ ਅਤੇ ਹੁਕਮ ਸਿੰਘ ਨੂੰ ਚਨਾਰ ਦੇ ਕਿਲ੍ਹੇ ਵਿਚ ਘੱਲਿਆ ਜਾਵੇ।

(੪) ਬਾਕੀ ਦੇ ਸਾਹਿਬ ਸਿੰਘ, ਕਾਨ੍ਹ ਸਿੰਘ ਅਤੇ ਮੰਗਲ ਸਿੰਘ ਨੂੰ ਅਗਲੀਆਂ ਹਦਾਇਤਾਂ ਤਕ ਅਲਾਹਾਬਾਦ ਹੀ ਰਹਿਣ ਦਿਤਾ ਜਾਵੇ।

ਕਰੀਬ ਸਾਢੇ ਨੌਂ ਮਹੀਨਿਆਂ ਤਕ ਨਾਮਧਾਰੀ ਸੂਬਿਆਂ ਨੂੰ, ਪੰਜਾਬ ਤੋਂ ਦੂਰ, ਬਿਨਾਂ ਕਿਸੇ ਨੂੰ ਪਤਾ ਲੱਗਣ ਤੋਂ ਅਲਾਹਾਬਾਦ ਕਿਲ੍ਹੇ ਵਿਚ ਕਰੜੇ ਪਹਿਰੇ ਅਧੀਨ ਰਖ ਕੇ, ਉਨ੍ਹਾਂ ਨੂੰ ਖਿਮਾ ਯਾਚਨਾ ਲਈ ਵੀ ਪ੍ਰੇਰਿਆ ਗਿਆ, ਪਰ ਕੋਈ ਵੀ ਐਸਾ ਨਾ ਨਿਕਲਿਆ ਜੁ ਆਪਣੇ ਕਰਮ ਨੂੰ ਗੁਨਾਹ ਮਿਥਦਾ। ਕੂਕੇ ਕੈਦੀਆਂ ਨੂੰ ਖ਼ਤ ਪੱਤਰ ਕਰਨ ਜਾਂ ਕਿਸੇ ਨੂੰ ਵੀ ਮਿਲਣ ਦੀ



Sri Satguru Jagjit Singh Ji eLibrary NamdhariElibrary@gmail.com

ਉੱਕਾ ਹੀ ਆਗਿਆ ਨਹੀਂ ਸੀ। ਇਸ ਹੁਕਮ ਲਈ ਸੰਬੰਧਤ ਜੇਲਾਂ ਨੂੰ ਬਾਰ ਬਾਰ ਚਿਤਾਵਨੀ ਦਿਤੀ ਜਾਂਦੀ।

੨੮ ਜੂਨ ੧੮੭੨ : ਤਕ ਪੰਜਾਬ ਦੇ ਗਵਰਨਰ ਨੂੰ ਡਿਪਟੀ ਕਮਿਸ਼ਨਰਾਂ ਦੁਆਰਾ ਪੰਜਾਬ ਦੇ ਤਮਾਮ ਜ਼ਿਲਿਆਂ ਅਤੇ ਰਿਆਸਤਾਂ ਵਿਚੋਂ ਰਾਜਿਆਂ, ਮਹਾਰਾਜਿਆਂ, ਨਵਾਬਾਂ, ਜਾਗੀਰਦਾਰਾਂ, ਸਰਦਾਰਾਂ, ਮਿਉਂਸਪਲ ਮੈਂਬਰਾਂ, ਜ਼ੈਲਦਾਰਾਂ, ਨੰਬਰਦਾਰਾਂ ਤੇ ਕਾਰੋਬਾਰੀਆਂ (ਜੋ ਝੋਲੀ ਚੁੱਕੀ ਤੇ ਮੌਕਾਪ੍ਰਸਤੀ ਦੇ ਕਾਰਨ ਹੀ ਸੁਖ ਭੋਗਦੇ ਹਨ) ਵਲੋਂ ਮਿ: ਕਾਵਨ ਤੇ ਫੋਰਸਿਥ ਦੇ ਕੂਕਿਆਂ ਉਤੇ ਢਾਹੇ ਗਏ ਜ਼ੁਲਮਾਂ ਦੀ ਸਰਾਹਨਾਂ ਦੀਆਂ ਅਰਜ਼ਦਾਸ਼ਤਾਂ ਮਿਲੀਆਂ। ਇਹੋ ਉਹ ਲਾਣਾ ਸੀ, ਜਿਨ੍ਹਾਂ ਦੀ ਬਦੌਲਤ ਅੰਗਰੇਜ਼ ਸਰਕਾਰ ਸਾਡੇ ਦੇਸ-ਪੰਜਾਬ-ਉਤੇ ੧੦੦ ਸਾਲ ਤਕ ਰਾਜ ਕਰ ਸਕੀ।

੨੪ ਜਨਵਰੀ ੧੮੭੩ : ਪੰਜਾਬ ਸਰਕਾਰ ਨੇ ਕਮਿਸ਼ਨਰਾਂ,ਡਿਪਟੀ ਕਮਿਸ਼ਨਰਾਂ ਤੇ ਇਨਸਪੈਕਟਰ ਜਨਰਲ ਪੁਲੀਸ ਨੂੰ ਲਿਖਿਆ ਕਿ ਕੂਕਿਆਂ ਤੇ ਲੱਗੀ ਪਾਬੰਦੀ ਜਾਰੀ ਰਹੇ। ਪੰਜ ਤੋਂ ਵੱਧ ਕਿਤੇ ਨਾ 'ਕੱਠੇ ਹੋਣ। ਚੌਕਸੀ ਰਖੋ।

੧੨ ਫ਼ਰਵਰੀ ੧੮੭੩ : ਅਦਨ (ਦੀਪ) ਵਿਚ ਪੂਰਾ ਪ੍ਰਬੰਧ ਕਰ ਕੇ, ਹਿੰਦ ਸਰਕਾਰ ਵਲੋਂ ਉੱਤਰ ਪੱਛਮੀ ਪ੍ਰਾਂਤਾਂ ਦੀ ਸਰਕਾਰ ਨੂੰ ਲਿਖਿਆ ਗਿਆ ਕਿ ਕੂਕਾ ਕੈਦੀ ਸਾਹਿਬ ਸਿੰਘ ਅਤੇ ਕਾਨ੍ਹ ਸਿੰਘ ਬੰਬਈ ਸਰਕਾਰ ਨਾਲ ਤਾਲਮੇਲ ਕਰ ਕੇ (ਅਲਾਹਾਬਾਦ ਤੋਂ) ਅਦਨ ਭੇਜ ਦਿਤੇ ਜਾਣ। ਜਦ ਤਕ ਪੰਜਾਬ ਸਰਕਾਰ ਵਲੋਂ ਮੰਗਲ ਸਿੰਘ ਬਾਰੇ ਸੂਚਨਾ ਨਹੀਂ ਮਿਲਦੀ ਉਹ ਅਲਾਹਾਬਾਦ ਹੀ ਰਹੇ।

੧੨ ਫ਼ਰਵਰੀ ੧੮੭੩ : ਗਵਰਨਰ ਜਨਰਲ ਇਨ ਕੌਂਸਲ ਦੇ ਹੁਕਮ ਨਾਲ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੇ ਅਦਨ ਦੇ ਸੁਪਰੰਟੰਡੰਟ ਜੇਲ ਨੂੰ ਲਿਖਿਆ : ਸਾਹਿਬ ਸਿੰਘ ਨੂੰ ਨਿੱਜੀ ਨਿਗਰਾਨੀ ਵਿਚ ਜੇਲ ਅੰਦਰ ਰਖਿਆ ਜਾਵੇ। ਆਪਣੀ ਸਪੁਰਦਦਾਰੀ ਵਿਚ ਰਖਦਿਆਂ ਇਸ ਨਾਲ ਦ੍ਰਿੜ੍ਹ ਵਤੀਰਾ ਰਖਿਆ ਜਾਵੇ। ਜਿਵੇਂ ਕਿ ਰੈਗੂਲੇਸ਼ਨ ਨੰਬਰ ੩, ੧੮੮੧ ਅਨੁਸਾਰ ਚਾਹੀਦਾ ਹੈ।

੨੫ ਮਾਰਚ ੧੮੭੩ : ਬੰਬਈ ਸਰਕਾਰ ਨੂੰ ਪੁਲੀਟੀਕਲ ਰੈਜ਼ੀਡੈਂਟ ਅਦਨ ਨੇ ਲਿਖਿਆ ਕਿ ਕੂਕਾ ਸ਼ਾਹੀ ਕੈਦੀ ਸਾਹਿਬ ਸਿੰਘ ਅਤੇ ਕਾਹਨ ਸਿੰਘ ਮੇਲ ਸਟੀਮਰ 'ਪਿਸ਼ਾਵਰ' ਦੁਆਰਾ ਕੱਲ੍ਹ ਏਥੇ ਪਹੁੰਚ ਗਏ ਸਨ। ਤੇ ਉਨ੍ਹਾਂ ਨੂੰ ਅਦਨ ਜੇਲ ਵਿਚ ਰਖਣ ਲਈ ਤਿਆਰ ਕੀਤੇ ਗਏ ਕਵਾਟਰਾਂ ਵਿਚ ਰਖਿਆ ਗਿਆ ਹੈ।

੧੦ ਸਤੰਬਰ ੧੮੭੩ : ਗਵਰਨਰ ਜਨਰਲ ਦੇ ਦਫ਼ਤਰ ਵਿਚ ਬੰਬਈ ਵਲੋਂ ਆਈ ਰਿਟਰਨ ਅਨੁਸਾਰ ਬਿਆਨ ਕੀਤਾ ਗਿਆ ਕਿ ਕੈਦੀ ਸਾਹਿਬ ਸਿੰਘ ਸਿਹਤ ਵਲੋਂ ਅਸਲੋਂ ਠੀਕ-ਠਾਕ ਹੈ, ਪਰ ਦੂਜਾ ਕੈਦੀ ਇਨਜੁਈਨਲ ਹਰਨੀਆਂ ਦਾ ਮਰੀਜ਼ ਹੈ।



Sri Satguru Jagjit Singh Ji eLibrary NamdhariElibrary@gmail.com

੧੬ ਸਤੰਬਰ ੧੮੭੩ : ਹਿੰਦ ਸਰਕਾਰ ਨੇ ਗ੍ਰਿਹਿ ਵਿਭਾਗ ਨੂੰ ਲਿਖਿਆ ਕਿ ਕੂਕਾ ਕੈਦੀ ਜੁ ਅਦਨ ਵਿਚ ਹਨ, ਜੇਲ ਵਿਚ ਨ ਰਖੇ ਜਾਣ ਸਗੋਂ ਪੁਲਿਸ ਦੀ ਨਿਗਰਾਨੀ ਵਿਚ ਰਖੇ ਜਾਣ।

੩੦ ਅਕਤੂਬਰ ੧੮੭੩ : ਹਿੰਦ ਸਰਕਾਰ ਨੂੰ ਬੰਬਈ ਸਰਕਾਰ ਵਲੋਂ ਦੱਸਿਆ ਗਿਆ ਕਿ ਹੁਕਮ ਅਨੁਸਾਰ ਸਾਹਿਬ ਸਿੰਘ ਅਤੇ ਕਾਨ੍ਹ ਸਿੰਘ ਕੂਕੇ ਕੈਦੀਆਂ ਨੂੰ ਪੁਲਿਸ ਨਿਗਰਾਨੀ ਹੇਠ ਰਖਣਾ ਸ਼ੁਰੂ ਕਰ ਦਿਤਾ ਹੈ। ਇਨ੍ਹਾਂ ਲਈ ਦੋ ਸਪੈਸ਼ਲ ਨਿਗਰਾਨ ਲਗਾ ਦਿਤੇ ਗਏ ਹਨ ... ਸਾਹਿਬ ਸਿੰਘ ਤੇ ਕਾਨ੍ਹ ਸਿੰਘ ਨੂੰ ਓਸੇ ਘਰ ਵਿਚ ਰਿਹਾਇਸ਼ ਦੇ ਦਿਤੀ ਗਈ ਹੈ ਜਿਸ ਵਿਚ ਪਹਿਲਾਂ ਸ਼ਾਹੀ ਕੈਦੀ ਯੰਗ ਲਾਟ ਨੂੰ ਰਖਿਆ ਗਿਆ ਸੀ।

੨ ਜਨਵਰੀ ੧੮੭੫ : ਸੁਪਰਡੈਂਟ ਜੇਲ ਅਦਨ ਨੇ ਫਸਟ ਅਸਿਸਟੈਂਟ ਪੁਲਿਟੀਕਲ ਰੈਜ਼ੀਡੈਂਟ ਅਦਨ ਨੂੰ ਲਿਖਿਆ :

— ਦੁਹਾਂ ਕੂਕਿਆਂ ਦੀ, ਅਦਨ ਵਿਚ ਰਿਹਾਇਸ਼ ਕਾਰਨ, ਸਿਹਤ ਉਤੇ ਅਸਰ ਪਿਆ ਹੈ।

— ਕਾਨ੍ਹ ਸਿੰਘ ਦੀਆਂ ਅੱਖਾਂ ਦੀ ਹਾਲਤ ਤੇ ਸਰੀਰ ਦੀ ਆਮ ਹਾਲਤ ਖ਼ਰਾਬ ਹੋ ਗਈ ਹੈ।

— ਮੇਰੀ ਤਜਵੀਜ਼ ਹੈ ਕਿ ਇਨ੍ਹਾਂ ਨੂੰ ਪੌਣ ਪਾਣੀ ਬਦਲਣ ਲਈ ਅਦਨ ਤੋਂ ਕਿਸੇ ਹੋਰ ਥਾਂ ਭੇਜ ਦੇਣਾ ਚਾਹੀਦਾ ਹੈ।

੯ ਜਨਵਰੀ ੧੮੭੫ : ਪੁਲਿਟੀਕਲ ਰੈਜ਼ੀਡੈਂਟ ਨੇ ਬੰਬਈ ਸਰਕਾਰ ਨੂੰ ਲਿਖਿਆ : ਮੈਂ ਜ਼ੋਰਦਾਰ ਸਿਫ਼ਾਰਸ਼ ਕਰਦਾ ਹਾਂ ਕਿ ਕੂਕੇ ਕੈਦੀਆਂ ਨੂੰ ਮਾਰਚ ਦੇ ਅਖ਼ੀਰ ਤਕ ਜ਼ਰੂਰ ਕਿਸੇ ਠੰਢੀ ਜਗ੍ਹਾ ਭੇਜ ਦਿਤਾ ਜਾਇ। ਜੇ ਉਹ ਅਦਨ ਰਹੇ ਤਾਂ ਮੈਨੂੰ ਉਨ੍ਹਾਂ ਦੀਆਂ ਜ਼ਿੰਦਗੀਆਂ ਲਈ ਖ਼ਤਰਾ ਲਗਦਾ ਹੈ।

੧ ਮਾਰਚ ੧੮੭੫ : ਪੰਜਾਬ ਸਰਕਾਰ ਨੇ ਹਿੰਦ ਸਰਕਾਰ ਦੀ ਪੁੱਛ ਤੋਂ ਲਿਖਿਆ : ਸਾਨੂੰ ਕੋਈ ਇਤਰਾਜ਼ ਨਹੀਂ ਪੰਜਾਬ ਅਤੇ ਅਲਾਹਾਬਾਦ ਤੋਂ ਬਿਨਾਂ ਜਿਥੇ ਮਰਜ਼ੀ ਏ ਕੈਦੀਆਂ ਨੂੰ ਬਦਲ ਦਿਤਾ ਜਾਇ।

ਗਵਨਰ ਜਨਰਲ ਨੇ ਇਸ ਚਿੱਠੀ ਤੇ ਨੋਟ ਲਿਖਿਆ :

ਉਨ੍ਹਾਂ ਲਈ ਹਜ਼ਾਰੀਬਾਗ ਠੀਕ ਰਹੇਗਾ। ਬੰਗਾਲ ਸਰਕਾਰ ਦੇ ਸਕੱਤਰ ਮਿ: ਟੇਲਰ ਨੂੰ ਲਿਖੋ।

੧੫ ਮਾਰਚ ੧੮੭੫ : ਬੰਗਾਲ ਸਰਕਾਰ ਦੇ ਜੁਡੀਸ਼ਲ ਡਿਪਾਰਟਮੈਂਟ ਦੇ ਸਕੱਤਰ ਨੇ ਹਿੰਦ ਸਰਕਾਰ ਦੇ ਸਕੱਤਰ, ਗ੍ਰਿਹਿ ਵਿਭਾਗ ਨੂੰ ਲਿਖਿਆ : ਹਜ਼ਾਰੀ ਬਾਗ਼ ਸੈਂਟਰਲ ਜੇਲ ਵਿਚ ਤਾਂ ਥਾਂ ਹੈ ਨਹੀਂ, ਪਰ ਇਕ ਵੱਖਰੀ ਇਮਾਰਤ ਯੂਰਪੀਨ ਪੈਨਟੈਨਸ਼ਰੀ ਵਿਚ ਉਨ੍ਹਾਂ ਨੂੰ ਰਖਿਆ ਜਾ ਸਕਦਾ ਹੈ।

੨੪ ਮਾਰਚ ੧੮੭੫ : ਕਮਿਸ਼ਨਰ ਪੁਲਿਸ ਬੰਬਈ ਨੇ ਬੰਬਈ ਸਰਕਾਰ ਦੇ ਰਾਜਨੀਤਕ ਵਿਭਾਗ ਦੇ ਸਕੱਤਰ ਨੂੰ ਸੂਚਿਤ ਕੀਤਾ : ਇਕ ਗੋਰੇ ਇਨਸਪੈਕਟਰ ਤੇ



Sri Satguru Jagjit Singh Ji eLibrary NamdhariElibrary@gmail.com

ਦੋ ਦੋਸੀ ਸਿਪਾਹੀਆਂ ਨਾਲ ਕਲ੍ਹ ਸਾਹਿਬ ਸਿੰਘ ਅਤੇ ਕਾਨ੍ਹ ਸਿੰਘ ਨੂੰ ਵਾਇਆ ਅਲਾਹਾਬਾਦ ਹਜ਼ਾਰੀਬਾਗ਼ ਨੂੰ ਘੱਲ ਦਿਤਾ ਗਿਆ ਹੈ।

੨੧ ਮਈ ੧੮੭੫ : ਸਿਵਲ ਸਰਜਨ ਨੇ ਸੁਪਰਡੈਂਟ ਜੇਲ ਹਜ਼ਾਰੀ ਬਾਗ਼ ਨੂੰ ਲਿਖਿਆ : ਕੂਕਾ ਸਾਹਿਬ ਸਿਘ ਨੂੰ ਡਾਇਬਿਟੀਜ਼ (ਮਧੂ ਮੇਹ ਅਰਥਾਤ ਬਹੁ ਮੂਤਰ ਰੋਗ) ਹੋ ਗਈ ਹੈ। ਬਿਮਾਰੀ ਗੰਭੀਰ ਸੁਭਾਅ ਦੀ ਹੈ, ਭਾਵੇਂ ਇਹ ਥੋੜੀ ਥੋੜੀ ਵਧ ਰਹੀ ਹੈ। ਦਵਾ ਦਾਰੂ ਘੱਟ ਹੀ ਅਸਰ ਕਰ ਰਿਹਾ ਹੈ।

## ਰਿਹਾਈ ?

ਕਿਸੇ ਤਰ੍ਹਾਂ ਮਾਰਚ ੧੮੭੬ ਦੇ ਮਹੀਨੇ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ (ਜੁਡੀਸ਼ਲ) ਨੇ ਪੰਜਾਬ ਸਰਕਾਰ ਤੋਂ ਪੁੱਛ ਲਿਆ ਕਿ ਜੇ ਕੋਈ ਕੂਕਾ ਸ਼ਾਹੀ ਕੈਦੀ ਰਿਹਾ ਕਰਨ ਦੇ ਯੋਗ ਹੋਵੇ!

ਜੂਨ ਦੇ ਅਖ਼ੀਰ ਵਿਚ ਜਾ ਕੇ ਪੰਜਾਬ ਸਰਕਾਰ ਦੇ ਸਕੱਤਰ ਨੇ ਉੱਤਰ ਦਿਤਾ ਕਿ ਇਹ ਕੋਈ ਪੁੱਛਣ ਵਾਲੀ ਗੱਲ ਨਹੀਂ ਸੀ। ਅੱਜ ਦੇ ਸਮੇਂ ਵਿਚ ਕੂਕੇ ਕੈਦੀਆਂ ਨੂੰ ਪੰਜਾਬ ਪਰਤਣ ਦੀ ਆਗਿਆ ਨਹੀਂ ਦਿਤੀ ਜਾ ਸਕਦੀ।

੫ ਮਈ ੧੮੭੮ : ਬੰਗਾਲ ਸਰਕਾਰ ਦੇ ਜੁਡੀਸ਼ਲ ਤੇ ਰਾਜਨੀਤਕ ਵਿਭਾਗ ਦੇ ਸਕੱਤਰ ਨੇ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ ਦੱਸਿਆ ਕਿ ਜੇਲਾਂ ਦੇ ਇਨਸਪੈਕਟਰ ਜਨਰਲ ਨੂੰ ਹਜ਼ਾਰੀ ਬਾਗ਼ ਦੇ ਦੋਹਾਂ ਕੂਕੇ ਕੈਦੀਆਂ ਨੇ ਉਨ੍ਹਾਂ ਦੀ ਬਦਲੀ ਬ੍ਰਿਟਿਸ਼ ਬਰਮਾ ਵਿਚ ਕਰਨ ਲਈ ਦਰਖ਼ਾਸਤ ਦਿਤੀ ਹੈ। ਇਸ ਤੋਂ ਚਿੜ੍ਹ ਕੇ ਬੰਗਾਲ ਸਰਕਾਰ ਦੇ ਸਕੱਤਰ ਨੇ ਨਾਲ ਹੀ ਲਿਖ ਦਿਤਾ : ਇਸ ਹਕੀਕਤ ਵਲ ਧਿਆਨ ਦੁਆਇਆ ਜਾਂਦਾ ਹੈ ਕਿ ਜਦੋਂ ਇਨ੍ਹਾਂ (ਕੈਦੀਆਂ) ਨੂੰ ਸਿਰਫ਼ ਸਖ਼ਤ ਕੰਟਰੋਲ ਵਿਚ ਹੀ ਪੈਨਟੈਨਸ਼ਰੀ ਅੰਦਰ ਰਖਿਆ ਗਿਆ ਹੈ, ਕੋਈ ਸਖ਼ਤ ਸਜ਼ਾ ਨਹੀਂ ਦਿਤੀ ਗਈ। ਇਹ ਹੋਰ ਵੀ ਕਠੋਰ ਵਤੀਰੇ ਦੇ ਯੋਗ ਹਨ। ... ਖ਼ਾਸ ਕਰ ਓਦੋਂ ਜਦੋਂ ਕਿ ਇਨ੍ਹਾਂ ਦੀ ਕੈਦ ਅਨਿਸਚਤ ਸਮੇਂ ਤਕ ਜਾਰੀ ਰਹਿਣੀ ਹੈ।... ਲੈਫ਼ਟੀਨੈਂਟ ਗਵਰਨਰ ਕੋਈ ਕਾਰਨ ਨਹੀਂ ਵੇਖਦਾ ਕਿ ਇਨ੍ਹਾਂ ਨੂੰ ਬ੍ਰਿਟਿਸ਼ ਬਰਮਾ ਵਿਚ ਕਿਉਂ ਬਦਲਿਆ ਜਾਵੇ, ਜਿਹੜੀ ਜਗ੍ਹਾ ਕਿ ਬਿਲਕੁਲ ਹੀ ਇਸ ਤੋਂ ਵੱਖਰੀ ਜਲਵਾਯੂ ਦੀ ਹੈ।

੨੫ ਜੁਲਾਈ ੧੮੭੮ : ਪੰਜਾਬ ਸਰਕਾਰ ਦੇ ਕਾਇਮ ਮੁਕਾਮ ਸਕੱਤਰ ਨੇ, ਸ਼ਿਮਲੇ ਤੋਂ ਹਿੰਦ ਸਰਕਾਰ ਦੇ ਗ੍ਰਹਿ ਵਿਭਾਗ ਨੂੰ ਉਸ ਦੀ ੧੨ ਜੁਲਾਈ ਦੀ ਚਿੱਠੀ ਦੇ ਉਤਰ ਵਿਚ ਲਿਖਿਆ : "ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮਹੱਤਤਾ ਵਲੋਂ ਸਾਹਿਬ ਸਿੰਘ ਖ਼ੁਦ (ਗੁਰੂ) ਰਾਮ ਸਿੰਘ ਕੂਕਾ ਚੀਫ਼ ਤੋਂ ਆਪਣੇ ਫ਼ਿਰਕੇ ਵਿਚ ਦੂਜੀ ਥਾਂ ਉਤੇ ਹੈ ਅਤੇ ਕਾਨ੍ਹ ਸਿੰਘ ਅਤੀ ਕੱਟੜ ਪੰਥੀ ਅਤੇ ਪ੍ਰਭਾਵਸ਼ਾਲੀ ਕੂਕਾ ਲੀਡਰ ਹੈ।

... ਇਹ ਦੋਵੇਂ ਹੀ, ਮੇਰੇ ਮੰਨਣ ਵਿਚ, ਆਪਣੇ ਪੰਥ ਵਿਚ ਖ਼ਾਸ ਮਹਾਨਤਾ ਰਖਦੇ ਹਨ ਤੇ ਲੈਫ਼ਟੀਨੈਂਟ ਗਵਰਨਰ ਉਨ੍ਹਾਂ ਨੂੰ ਜੇਲ ਦੀ ਚਾਰ ਦੀਵਾਰੀ ਤੋਂ



Sri Satguru Jagjit Singh Ji eLibrary NamdhariElibrary@gmail.com

ਬਾਹਰ ਘੁੰਮਣ ਦੀ ਸਿਫ਼ਾਰਸ਼ ਨਹੀਂ ਕਰਦੇ । ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਫਿਰਕੇ ਦੇ ਦੂਜੇ ਮੈਂਬਰਾਂ ਅਤੇ ਪੰਜਾਬ ਨਾਲ ਤਾਲਮੇਲ ਕਰਨ ਦੇ ਯੋਗ ਹੋ ਜਾਣਗੇ ।

ਅਤੇ ਇੰਜ ਪਿੰਜਰੇ ਪਿਆ ਸ਼ਾਹੀ ਕੈਦੀ ਸਾਹਿਬ ਸਿੰਘ ਆਪਣੀ ਸਿਹਤ ਨੂੰ ਬਰਕਰਾਰ ਨ ਰਖ ਸਕਿਆ । ਉਹ ਆਦਮੀ ਜਿਸ ਦੀ ਸਿਹਤ ਅਦਨ ਜਾਣ ਵੇਲੇ ਬਹੁਤ ਅੱਛੀ ਸੀ, ਉਹ ਅਦਨ ਵਿਚੋਂ ਦੋ ਸਾਲਾਂ ਬਾਅਦ ਜਦ ਹਜ਼ਾਰੀਬਾਗ਼ ਯੂਰਪੀਨ ਜੇਲ ਵਿਚ ਆਇਆ ਤਾਂ ਉਹ ਕਿਸੇ ਵਿਸ਼ੇਸ਼ ਰੋਗ ਦਾ ਸ਼ਿਕਾਰ ਤਾਂ ਨਹੀਂ ਸੀ, ਪਰ ਸਰੀਰੋਂ ਕਮਜ਼ੋਰ ਹੋ ਚੁਕਾ ਸੀ । ਹਜ਼ਾਰੀਬਾਗ਼ ਆਇਆਂ ਦੂਜੇ ਮਹੀਨੇ ਹੀ ਸੂਬਾ ਸਾਹਿਬ ਸਿੰਘ ਜੀ ਨੂੰ ਮਧੂਮੇਹ (ਬਹੁ ਮੂਤਰ ਰੋਗ) ਹੋ ਗਿਆ ਅਤੇ ਪੰਜਾਬ ਸਰਕਾਰ ਦੇ ਅੜੀਅਲ ਵਤੀਰੇ ਕਾਰਨ ਪੰਜ ਸਾਲ ਹਜ਼ਾਰੀਬਾਗ਼ ਜੇਲ ਵਿਚ ਪੁਲਿਸ ਦੀ ਨਿਗਰਾਨੀ ਹੇਠ ਰਹਿ ਕੇ ਦਮ ਤੋੜ ਗਿਆ ।

ਜਿਸ ਵੇਲੇ ਸਾਹਿਬ ਸਿੰਘ ਜੀ ਨੇ ਭਾਰਤ ਭੂਮੀ ਨੂੰ ਬੇ-ਆਸ, ਪਰ ਸਧਰਾਈਆਂ ਅੱਖਾਂ ਨਾਲ ਅੰਤਲੀ ਵਾਰ ਤੱਕਿਆ ਓਦੋਂ ਉਹ ਉਮਰ ਦੇ ਪੰਤਾਲੀਵੇਂ ਸਾਲ ਵਿਚ ਸਨ ।

## ਅੰਤਿਕਾ

ਬਰਤਾਨਵੀ ਹੁਕਮਰਾਨਾਂ ਬੜੀਆਂ ਤਿਕੜਮਾਂ ਤੇ ਸਿਖਰ ਦੀ ਨਿਰਦੈਤਾ ਵਰਤ ਕੇ ਦੇਸਾਂ ਦੇ ਦੇਸ ਜਿੱਤੇ । ਦੇਸ ਭਗਤਾਂ ਨੂੰ ਵੱਧ ਤੋਂ ਵੱਧ ਤਸੀਹੇ ਦਿਤੇ, ਜੇਲਾਂ ਵਿਚ ਸੁੱਟਿਆ, ਫਾਹੇ ਲਾਇਆ, ਕਤਲ ਕਰਵਾਇਆ, ਦੇਸ਼ ਨਿਕਾਲੇ ਦੇ ਵਤਨ ਦੀ ਮਿੱਟੀ ਤੋਂ ਦੂਰ ਕੀਤਾ, ਪਰ ਉਹ ਆਪਣੇ ਰਾਜ ਨੂੰ ਅਚੱਲ ਅਟੱਲ ਨਹੀਂ ਬਣਾ ਸਕੇ । ਕੂਕੇ ਦੇਸ ਭਗਤਾਂ, ਭਾਰਤ ਭੂਮੀ ਦੇ ਪਹਿਲੇ ਅਮਨ-ਮਨਸੂਬਿਆਂ ਨਾਲ ਸੁਤੰਤਰਤਾ ਹਾਸਲ ਕਰਨ ਦੇ ਚਾਹਵਾਨ ਗੁਰੂ ਰਾਮ ਸਿੰਘ ਅਤੇ ਸੂਬਿਆਂ ਨੂੰ ਆਪਣੀ ਧਰਤੀ ਤੋਂ ਵਿਛੋੜ ਕੇ ਵੀ ਉਹ ਚੈਨ ਨਾਲ ਨਹੀਂ ਰਹਿ ਸਕੇ ।

ਕੂਕਾ ਤਹਿਰੀਕ ਦੇ ਬਾਅਦ ਵਿਚ, ਗੁਰੂ ਹਰੀ ਸਿੰਘ, (ਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ) ਜੀ ਦੇ ਵੇਲੇ ਰੂਸ ਸਰਕਾਰ ਤਕ ਤਾਲਮੇਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ, ਮਹਾਰਾਜਾ ਦਲੀਪ ਸਿੰਘ ਨਾਲ ਮੇਲ ਜੋਲ ਕਰ ਕੇ ਉਸ ਨੂੰ ਭਾਰਤ ਆਉਣ ਲਈ ਪਰੇਰਿਆ ਅਤੇ ਸਰਕਾਰੀ ਦਬਾਉ ਚੱਕਰਾਂ ਦੀ ਪਰਵਾਹ ਨ ਕਰਦਿਆਂ ਦੇਸ਼ ਦੇ ਸਮੁਚੇ ਸੁਤੰਤਰਤਾ ਅੰਦੋਲਨ ਵਿਚ ਭਰਪੂਰ ਸਹਿਯੋਗ ਦਿਤਾ । ਅੰਤ ੧੫ ਅਗਸਤ ੧੯੪੭ ਨੂੰ ਆਪਣਾ ਪਿਆਰਾ ਭਾਰਤ ਆਜ਼ਾਦ ਕਰਵਾ ਲਿਆ ।

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com